Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 63 | Thursday, March 31, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਹਫਤੇ ਦੇ ਅੰਤ ਤੱਕ ਓਨਟਾਰੀਓ ਤੇ ਬੀਸੀ ਵਿੱਚ ਇੱਕ ਵਾਰੀ ਫਿਰ ਵੱਧ ਸਕਦੀਆਂ ਹਨ ਗੈਸ ਦੀਆਂ ਕੀਮਤਾਂ



ਓਨਟਾਰੀਓ, 31 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਬੁੱਧਵਾਰ ਨੂੰ ਆਈ ਗਿਰ-ਾਵਟ ਤੋਂ ਬਾਅਦ ਹੁਣ ਇੱਕ ਵਾਰੀ ਫਿਰ ਕੀਮਤਾਂ ਵਿੱਚ ਵਾਧਾ ਹੋਣ ਦੇ ਆਸਾਰ ਹਨ।

ਕੈਨੇਡੀਅਨ ਫੌਰ ਅਫੋਰਡੇਬਲ ਐਨਰਜੀ ਦੇ ਪ੍ਰੈਜ਼ੀਡੈਂਟ ਡੈਨ ਮੈਕਟੀਗ ਨੇ ਇੱਕ ਈਮੇਲ ਵਿੱਚ ਦੱਸਿਆ ਕਿ ਓਨਟਾਰੀਓ ਦੇ ਬਹੁਤੇ ਹਿੱਸਿਆਂ ਵਿੱਚ ਸ਼ੁੱਕਰਵਾਰ ਨੂੰ ਗੈਸ ਦੀਆਂ ਕੀਮਤਾਂ ਵਿੱਚ ਛੇ ਸੈਂਟ ਦੇ ਨੇੜੇ ਤੇੜੇ ਵਾਧਾ ਹੋਣ ਦੀ ਸੰਭਾਵਨਾ ਹੈ। ਟਵਿੱਟਰ ਉੱਤੇ ਮੈਕਟੀਗ ਨੇ ਦੱਸਿਆ ਕਿ ਬੀਸੀ ਵਿੱਚ ਗੈਸ ਦੀਆਂ ਕੀਮਤਾਂ ਪੰਜ ਸੈਂਟ ਦੇ ਹਿਸਾਬ ਨਾਲ ਵੱਧ ਸਕਦੀਆਂ ਹਨ। ਜ਼ਿਕਰਯੋਗ ਹੈ ਕਿ ਬੁੱਧਵਾਰ ਨੂੰ ਓਨਟਾਰੀਓ, ਕਿਊਬਿਕ ਤੇ ਬੀਸੀ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਗਿਰਾਵਟ ਦਰਜ ਕੀਤੀ ਗਈ।

ਮੈਕਟੀਗ ਨੇ ਦੱਸਿਆ ਕਿ ਚੀਨ ਵਿੱਚ ਸ਼ੰਘਾਈ ਵਿੱਚ ਕੋਵਿਡ ਕਾਰਨ ਲਾਕਡਾਊਨ ਕੀਤੇ ਜਾਣ ਦੀਆਂ ਖਬਰਾਂ ਮਿਲਣ ਤੋਂ ਬਾਅਦ ਤੇਲ ਦੀਆਂ ਕੀਮਤਾਂ ਵਿੱਚ ਇਹ ਗਿਰਾਵਟ ਆਈ। ਉਨ੍ਹਾਂ ਆਖਿਆ ਕਿ ਮੰਗਲਵਾਰ ਨੂੰ ਫੈਡਰਲ ਸਰਕਾਰ ਵੱਲੋਂ ਕਲਾਈਮੇਟ ਸਬੰਧੀ ਕੀਤੇ ਗਏ ਐਲਾਨ ਤੇ ਤੇਲ ਦੀਆਂ ਕੀਮਤਾਂ ਦੇ ਰਫਤਾਰ ਫੜ੍ਹਨ ਨਾਲ ਇੱਕ ਵਾਰੀ ਫਿਰ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ।

ਕੈਨੇਡਾ ਲਈ ਨਵੇਂ ਕਲਾਈਮੇਟ ਪਲੈਨ ਅਨੁਸਾਰ ਨਵੇਂ ਟੀਚਿਆਂ ਦੀ ਪ੍ਰਾਪਤੀ ਲਈ ਤੇਲ ਤੇ ਗੈਸ ਇੰਡਸਟਰੀ ਨੂੰ ਮੌਜੂਦਾ ਪੱਧਰ ਤੋਂ ਗ੍ਰੀਨਹਾਊਸ ਗੈਸ ਦੇ ਰਿਸਾਅ ਨੂੰ 2030 ਤੱਕ 42 ਫੀ ਸਦੀ ਘੱਟ ਕਰਨਾ ਹੋਵੇਗਾ।

## ਇਨਸਾਫ ਦੇ ਰਾਹ ਵਿੱਚ ਅੜਿੱਕਾ ਡਾਹੁਣ ਦੇ ਮਾਮਲੇ ਵਿੱਚ ਜਨਰਲ ਜੌਨਾਥਨ ਵਾਂਸ ਦੋਸ਼ੀ ਕਰਾਰ



ਓਟਵਾ, 30 ਮਾਰਚ (ਪੋਸਟ ਬਿਊਰੋ) : ਕੈਨੇਡਾ ਦੇ ਸਾਬਕਾ ਚੀਫ ਆਫ ਡਿਫੈਂਸ ਸਟਾਫ ਰਿਟਾਇਰਡ ਜਨਰਲ ਜੌਨਾਥਨ ਵਾਂਸ ਨੂੰ ਇਨਸਾਫ ਦੇ ਰਾਹ ਵਿੱਚ ਰੋੜਾ ਅਟਕਾਉਣ ਦੇ ਇੱਕ ਮਾਮਲੇ ਲਈ ਦੋਸ਼ੀ ਪਾਇਆ ਗਿਆ ਹੈ। ਇਸ ਸਬੰਧ ਵਿੱਚ ਉਨ੍ਹਾਂ ਨੂੰ 80 ਘੰਟੇ ਕਮਿਊਨਿਟੀ ਸਰਵਿਸ ਕਰਨ ਦੀ ਸਜਾ ਦਿੱਤੀ ਗਈ ਹੈ। ਇਹ ਜਾਣਕਾਰੀ ਉਨ੍ਹਾਂ ਦੇ ਵਕੀਲ ਵੱਲੋਂ ਦਿੱਤੀ ਗਈ।

ਵਾਂਸ ਬੁੱਧਵਾਰ ਨੂੰ ਸਵੇਰੇ ਓਟਵਾ ਦੀ ਅਦਾਲਤ ਵਿੱਚ ਵਰਚੂਅਲ ਤੌਰ ਉੱਤੇ ਪੇਸ਼ ਹੋਣਗੇ। ਵਾਂਸ ਦੇ ਵਕੀਲ ਰੌਡਨੀ ਸੈਲਰ ਨੇ ਅਦਾਲਤ ਵਿੱਚ ਆਖਿਆ ਕਿ ਵਾਂਸ ਨੇ ਆਪਣੀ ਗਲਤੀ ਮੰਨ ਲਈ ਹੈ ਤੇ ਉਸ ਦੀ ਪੂਰੀ ਜ਼ਿੰਮੇਵਾਰੀ ਲੈ ਰਹੇ ਹਨ। ਜ਼ਿਕਰਯੋਗ ਹੈ ਕਿ ਆਪਣੀਆਂ ਮਹਿਲਾ ਸਹਿਯੋਗੀਆਂ ਨਾਲ ਅਢੁਕਵਾਂ ਵਿਵਹਾਰ ਕਰਨ ਦੇ ਦੋ ਮਾਮਲਿਆਂ ਦੇ ਸਬੰਧ ਵਿੱਚ ਮੀਡੀਆ ਰਿਪੋਰਟਾਂ ਸਾਹਮਣੇ ਆਉਣ ਤੋਂ ਬਾਅਦ ਫਰਵਰੀ 2021 ਵਿੱਚ ਮਿਲਟਰੀ ਪੁਲਿਸ ਨੇ ਵਾਂਸ ਖਿਲਾਫ ਜਾਂਚ ਸ਼ੁਰੂ ਕੀਤੀ ਸੀ। ਇਹ ਦੋਸ਼ ਵਾਂਸ ਦੀ ਰਿਟਾਇਰਮੈਂਟ ਤੋਂ ਕਈ ਹਫਤਿਆਂ ਬਾਅਦ ਲਾਏ ਗਏ ਸਨ। ਇਨ੍ਹਾਂ ਦੋਸ਼ਾਂ ਤੋਂ ਪਹਿਲਾਂ ਵਾਂਸ ਡਿਫੈਂਸ ਦੀ ਉੱਘੀ ਪੋਸਟ ਉੱਤੇ ਪੰਜ ਸਾਲ ਤੱਕ ਰਹੇ। ਜੁਲਾਈ ਵਿੱਚ ਕੈਨੇਡੀਅਨ ਆਰਮਡ ਫੋਰਸਿਜ਼ ਤੇ ਡਿਪਾਰਟਮੈਂਟ ਆਫ ਨੈਸ਼ਨਲ ਡਿਫੈਂਸ ਨੇ ਇੱਕ ਬਿਆਨ ਜਾਰੀ ਕਰਕੇ ਇਹ ਆਖਿਆ ਸੀ ਕਿ ਇਨਸਾਫ ਦੇ ਰਾਹ ਵਿੱਚ ਰੋੜੇ ਅਟਕਾਉਣ ਲਈ ਵਾਂਸ ਨੂੰ ਚਾਰਜ ਕੀਤਾ ਗਿਆ ਹੈ। ਵਾਂਸ ਉੱਤੇ ਦੋਸ਼ ਸੀ ਕਿ ਉਨ੍ਹਾਂ ਨੇ ਅਤੀਤ ਵਿੱਚ ਰਹੇ ਆਪਣੇ ਸਬੰਧਾਂ ਬਾਰੇ ਇੱਕ ਮਹਿਲਾ ਨੂੰ ਮਿਲਟਰੀ ਜਾਂਚਕਾਰਾਂ ਨੂੰ ਝੂਠ ਬੋਲਣ ਲਈ ਮਨਾਉਣ ਦੀ ਕੋਸ਼ਿਸ਼ ਕੀਤੀ ਸੀ। ਅਦਾਲਤ ਵਿੱਚ ਜੱਜ ਰੌਬਰਟ ਵਾਡਨ ਨੇ ਸਵੀਕਾਰ ਕੀਤਾ ਕਿ ਵਾਂਸ ਨੇ ਆਪਣੀ ਇਹ ਗਲਤੀ ਮੰਨ ਲਈ ਹੈ ਤੇ ਇਸ ਨਾਲ ਅਦਾਲਤ ਦਾ ਸਮਾਂ ਬਚ ਗਿਆ ਹੈ ਤੇ ਮਾਮਲਾ ਸ਼ਡਿਊਲ ਮੁਤਾਬਕ ਮਈ 2023 ਨੂੰ ਸੁਣਵਾਈ ਲਈ ਜਾਵੇਗਾ।

## ਫਰਸਟ ਨੇਸ਼ਨਜ਼ ਲਈ ਟਰੂਡੋ ਨੇ ਐਲਾਨੇ 2.9 ਮਿਲੀਅਨ ਡਾਲਰ



ਬ੍ਰਿਟਿਸ਼ ਕੋਲੰਬੀਆ, 30 ਮਾਰਚ (ਪੋਸਟ ਬਿਊਰੋ) : ਬੀ ਸੀ ਵਿੱਚ ਫਰਸਟ ਨੇਸ਼ਨ ਦੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਰੈਜ਼ੀਡੈਂਸ਼ੀਅਲ ਸਕੂਲ ਘਟਨਾਕ੍ਰਮ ਵਿੱਚੋਂ ਬਚ ਨਿਕਲਣ ਵਾਲੇ ਲੋਕਾਂ ਤੇ ਜਿਹੜੇ ਜਿਊਂਦੇ ਨਹੀਂ ਬਚ ਸਕੇ ਉਨ੍ਹਾਂ ਦੇ ਪਰਿਵਾਰਾਂ ਲਈ 2.9 ਮਿਲੀਅਨ ਡਾਲਰ ਦੇਣ ਦਾ ਐਲਾਨ ਕੀਤਾ। ਜ਼ਿਕਰਯੋਗ ਹੈ ਕਿ ਇੱਥੇ ਰੈਜ਼ੀਡੈਂਸ਼ੀਅਲ ਸਕੂਲ ਨਾਲ ਸਬੰਧਤ ਮੌਤਾਂ ਦੀ ਜਾਂਚ ਚੱਲ ਰਹੀ ਹੈ। ਬੁੱਧਵਾਰ ਨੂੰ ਟਰੂਡੋ ਵਿਲੀਅਮਜ਼ ਲੇਕ ਵਿੱਚ ਸਨ, ਜਿੱਥੇ ਉਨ੍ਹਾਂ ਨੇ ਇਸ ਫੰਡ ਦਾ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਇਹ ਫੰਡ ਇਸ ਸਾਲ ਦੇ ਸ਼ੁਰੂ ਵਿੱਚ ਫੈਡਰਲ ਸਰਕਾਰ ਵੱਲੋਂ ਮੁਹੱਈਆ ਕਰਵਾਏ ਗਏ 1.4 ਮਿਲੀਅਨ ਡਾਲਰ ਨਾਲੋਂ ਵੱਖਰੇ ਹਨ। ਪਹਿਲਾਂ ਮੁਹੱਈਆ ਕਰਵਾਈ ਗਈ ਇਹ ਰਕਮ ਰੈਜ਼ੀਡੈਂਸ਼ੀਅਲ ਸਕੂਲ ਅਟੈਂਡ ਕਰਨ ਵਾਲੇ ਬੱਚਿਆਂ ਦੀਆਂ ਹੋਈਆਂ ਮੌਤਾਂ ਤੇ ਉਨ੍ਹਾਂ ਦੇ ਗਾਇਬ ਹੋਣ ਦੀ ਜਾਂਚ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਵਾਸਤੇ ਹੈ।

ਬੁੱਧਵਾਰ ਸਵੇਰੇ ਪ੍ਰੋਵਿੰਸ ਦੇ ਇਸ ਅੰਦਰੂਨੀ ਹਿੱਸੇ ਵਿੱਚ ਪਹੁੰਚਣ ਉੱਤੇ ਟਰੂਡੋ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਟਰੂਡੋ ਤੇ ਕ੍ਰਾਊਨ ਇੰਡੀਜੀਨਸ ਰਿਲੇਸ਼ਨਜ਼ ਬਾਰੇ ਫੈਡਰਲ ਮੰਤਰੀ ਨੂੰ ਤੋਹਫੇ ਵੀ ਦਿੱਤੇ ਗਏ। ਟਰੂਡੋ ਨੇ ਆਖਿਆ ਕਿ ਉਹ ਇੱਥੇ ਬਜ਼ੁਰਗਾਂ ਤੇ ਕਮਿਊਨਿਟੀ ਮੈਂਬਰਾਂ ਦੀਆਂ ਗੱਲਾਂ ਸੁਣਨ ਤੇ ਕੁੱਝ ਨਵਾਂ ਸਿੱਖਣ ਲਈ ਆਏ ਹਨ। ਉਨ੍ਹਾਂ ਆਖਿਆ ਕਿ ਜ਼ਖ਼ਮਾਂ ਉੱਤੇ ਮਲ੍ਹਮ ਲਾਉਣ ਦੀ ਇਸ ਪ੍ਰਕਿਰਿਆ ਨਾਲ ਕਮਿਊਨਿਟੀ ਦਾ ਹੀ ਨਹੀਂ ਸਗੋਂ ਦੇਸ਼ ਦਾ ਭਲਾ ਹੋਵ-ੇਗਾ। ਬਦਲੇ ਵਿੱਚ ਟਰੂਡੋ ਨੇ ਕਾਲੇ ਕਾਂ ਦੀ ਪੇਂਟਿੰਗ ਤੇ ਕੋਸਟ ਸੈਲਿਸ ਆਰਟਿਸਟ ਦੀ ਇੱਕ ਕਲਾਕ੍ਰਿਤੀ ਕਮਿਊਨਿਟੀ ਆਗੂਆਂ ਨੂੰ ਦਿੱਤੀ।

## ਗਾਰਬੇਜ ਬੈਗ ਵਿੱਚ ਮਿਲੀ ਮਹਿਲਾ ਦੀ ਲਾਸ਼ ਦੀ ਪੁਲਿਸ ਨੇ ਕੀਤੀ ਸ਼ਨਾਖ਼ਤ



ਟੋਰਾਂਟੋ, 30 ਮਾਰਚ (ਪੋਸਟ ਬਿਊਰੋ) : ਸੋਮਵਾਰ ਦੁਪਹਿਰ ਨੂੰ ਲੈਜ਼ਲੀਵਿੱਲ ਤੋਂ ਗਾਰਬੇਜ ਬੈਗ ਵਿੱਚੋਂ ਜਿਸ ਮਹਿਲਾ ਦੀ ਕੱਟੀ ਵੱਢੀ ਲਾਸ਼ ਮਿਲੀ ਸੀ ਟੋਰਾਂਟੋ ਪੁਲਿਸ ਵੱਲੋਂ ਉਸ ਮਹਿਲਾ ਦੀ ਪਛਾਣ ਕਰ ਲਈ ਗਈ ਹੈ।

ਮ੍ਰਿਤਕਾ ਟੋਰਾਂਟੋ ਦੀ 46 ਸਾਲਾ ਤਿਏਨ ਲੀ ਦੱਸੀ ਜਾਂਦੀ ਹੈ। ਪੁਲਿਸ ਨੇ ਆਖਿਆ ਕਿ ਉਨ੍ਹਾਂ ਦਾ ਮੰਨਣਾਂ ਹੈ ਕਿ ਉਹ ਆਪਣੇ 20 ਸਾਲਾਂ ਦੇ ਲੜਕੇ ਡਲਾਸ ਲੀ ਨਾਲ ਕਾਰਲਾਅ ਐਵਨਿਊ ਤੇ ਡੰਡਸ ਸਟਰੀਟ ਈਸਟ ਏਰੀਆ ਵਿੱਚ ਰਹਿੰਦੀ ਸੀ ਤੇ ਹੁਣ ਪੁਲਿਸ ਉਸ ਦੇ ਲੜਕੇ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ। ਬੁੱਧਵਾਰ ਰਾਤ ਨੂੰ ਦਿੱਤੀ ਗਈ ਜਾਣਕਾਰੀ ਵਿੱਚ ਪੁਲਿਸ ਦੇ ਬੁਲਾਰੇ ਐਲੈਕਸ ਲੀ ਨੇ ਆਖਿਆ ਕਿ ਹਾਲ ਦੀ ਘੜੀ ਮ੍ਰਿਤਕਾ ਦੇ ਲੜਕੇ ਨੂੰ ਮਸ਼ਕੂਕ ਨਹੀਂ ਮੰਨਿਆ ਜਾ ਰਿਹਾ।

ਉਨ੍ਹਾਂ ਆਖਿਆ ਕਿ ਇਸ ਸਮੇਂ ਅਸੀਂ ਇਹ ਆਸ ਕਰ ਰਹੇ ਹਾਂ ਕਿ ਉਹ ਸਹੀ ਸਲਾਮਤ ਹੋਵੇ। ਉਨ੍ਹਾਂ ਆਖਿਆ ਕਿ ਇਸ ਕਤਲ ਦੀ ਪ੍ਰਕਿਰਤੀ ਵੇਖ ਕੇ ਤੇ ਜਿਸ ਹਾਲ ਵਿੱਚ ਸਾਨੂੰ ਮ੍ਰਿਤਕਾ ਮਿਲੀ ਹੈ, ਉਸ ਤੋਂ ਤਾਂ ਸਾਨੂੰ ਡਲਾਸ ਦੀ ਚਿੰਤਾ ਹੋ ਰਹੀ ਹੈ ਕਿਉਂਕਿ ਉਹ ਸਾਨੂੰ ਕਿਤੇ ਨਹੀਂ ਲੱਭ ਰਿਹਾ।

ਜ਼ਿਕਰਯੋਗ ਹੈ ਕਿ ਸੋਮਵਾਰ ਦੁਪਹਿਰ 1:30 ਵਜੇ ਲੀ ਦੀ ਲਾਸ਼ ਈਸਟਰਨ ਐਵਨਿਊ ਦੇ ਦੱਖਣ ਵੱਲ ਮਿਲਣ ਤੋਂ ਬਾਅਦ ਪੁਲਿਸ ਨੂੰ ਈਸਟਰਨ ਤੇ ਬਰਕਸ਼ਾਇਰ ਐਵਨਿਊਂ ਸੱਦਿਆ ਗਿਆ। ਮੰਗਲਵਾਰ ਨੂੰ ਪੁਲਿਸ ਨੇ ਇਸ ਆਸ ਨਾਲ ਲੀ ਦੇ ਹੱਥਾਂ ਤੇ ਪੈਰਾਂ ਦੇ ਨੰਹੁ ਉੱਤੇ ਬਣੇ ਵਿੱਲਖਣ ਡਿਜ਼ਾਈਨ ਦੀਆਂ ਤਸਵੀਰਾਂ ਜਾਰੀ ਕੀਤੀਆਂ ਤਾਂ ਕਿ ਕੋਈ ਉਸ ਦੀ ਸ਼ਨਾਖ਼ਤ ਕਰ ਸਕੇ। ਇਸ ਤੋਂ ਬਾਅਦ ਕਈ ਲੋਕ ਸਾਹਮਣੇ ਆਏ ਤੇ ਆਖਿਰਕਾਰ ਪੁਲਿਸ ਲੀ ਦੀ ਸ਼ਨਾਖ਼ਤ ਕਰਨ ਵਿੱਚ ਕਾਮਯਾਬ ਹੋ ਗਈ।

## ਗੰਨ ਦੀ ਨੋਕ ਉੱਤੇ ਹੋਈ ਕਾਰਜੈਕਿੰਗ ਦੀ ਜਾਂਚ ਕਰ ਰਹੀ ਹੈ ਪੁਲਿਸ

ਓਕਵਿੱਲ, 30 ਮਾਰਚ (ਪੋਸਟ ਬਿਊਰੋ) : ਰਾਤ ਸਮੇਂ ਓਕਵਿੱਲ ਵਿੱਚ ਹਥਿਆਰਬੰਦ ਵਿਅਕਤੀਆਂ ਵੱਲੋਂ ਕੀਤੀ ਗਈ ਕਾਰਜੈਕਿੰਗ ਵਿੱਚ ਹਥਿਆਰ ਚੱਲਣ ਦੀ ਘਟਨਾ ਤੋਂ ਬਾਅਦ ਪੁਲਿਸ ਨੂੰ ਮੌਕੇ ਉੱਤੇ ਸੱਦਿਆ ਗਿਆ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਹਾਲਟਨ ਰੀਜਨਲ ਪੁਲਿਸ ਦਾ ਕਹਿਣਾਂ ਹੈ ਕਿ ਬੁੱਧਵਾਰ ਨੂੰ ਤੜਕੇ 2:00 ਵਜੇ ਤੋਂ ਪਹਿਲਾਂ ਉਨ੍ਹਾਂ ਨੂੰ ਸਪੀਅਰਜ਼ ਰੋਡ ਤੇ ਫੋਰਥ ਲੇਨ ਦੇ ਪੱਛਮ ਵੱਲ ਲੀਜ਼ ਲੇਨ ਤੇ ਬ੍ਰਿੱਜ ਰੋਡ ਉੱਤੇ ਸੱਦਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਨੀਲੇ ਰੰਗ ਦੀ ਆਡੀ ਆਰਐਸ7 ਦੇ ਡਰਾਈਵਰ ਨੂੰ ਗੰਨ ਵਿਖਾ ਕੇ ਤਿੰਨ ਬਲੈਕ ਪੁਰਸ਼ਾਂ, ਜਿਨ੍ਹਾਂ ਨੇ ਸਿਆਹ ਰੰਗ ਦੇ ਕੱਪੜੇ ਪਾਏ ਹੋਏ ਸਨ, ਕਾਰ ਸਮੇਤ ਅਗਵਾ ਕਰ ਲਿਆ। ਫਿਰ ਉਹ ਆਰਐਸ7 ਤੇ ਪੌਰਸ਼ ਐਸਯੂਵੀ ਵਿੱਚ ਫਰਾਰ ਹੋ ਗਏ। ਦੋਵਾਂ ਗੱਡੀਆਂ ਨੂੰ ਆਖਰੀ ਵਾਰੀ ਬ੍ਰਿੱਜ ਰੋਡ ਤੋਂ ਲੀਜ਼ ਲੇਨ ਵੱਲ ਵੱਧਦਿਆਂ ਵੇਖਿਆ ਗਿਆ। ਪੁਲਿਸ ਨੇ ਦੱਸਿਆ ਕਿ ਆਰਐਸਟੀ ਦੇ ਡਰਾਈਵਰ ਨੂੰ ਕੋਈ ਸੱਟ ਫੇਟ ਨਹੀਂ ਲੱਗੀ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
(Government Approved Licensed Technician)
416 938 4598

YES! Immigration
Yes we can...
Locations: Woodbridge, Mississauga, Scarborough
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
ICCRC
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜ਼ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
RANJIT GILL
Insurance Advisor
416-724-5000
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance

MOTEL FOR SALE ON HWY 7
IN THE MIDDLE OF TORONTO AND OTTAWA
$1,275,000
- Excellent Cash Flow And Low Vacancy Rate
- Low Operating Costs
- Many Recent Upgrades To Rooms
- New Security Camera System
- Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance
ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Canadian National Forklift Safety Group
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER

chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਦੱਖਣੀ ਓਨਟਾਰੀਓ ਵਿੱਚ ਕਈ ਥਾਂਵਾਂ ਉੱਤੇ ਬੰਦ ਰਹਿਣਗੀਆਂ ਬੱਸਾਂ, ਖੁੱਲ੍ਹੇ ਰਹਿਣਗੇ ਸਕੂਲ

ਓਨਟਾਰੀਓ, 30 ਮਾਰਚ (ਪੋਸਟ ਬਿਊਰੋ) : ਹੱਢ ਜਮਾਂ ਦੇਣ ਵਾਲੇ ਮੀਂਹ ਤੇ ਬਰਫਬਾਰੀ ਕਾਰਨ ਕਈ ਸਕੂਲ ਬੋਰਡਜ਼ ਵੱਲੋਂ ਬੁੱਧਵਾਰ ਨੂੰ ਸਕੂਲ ਬੱਸਾਂ ਬੰਦ ਕਰ ਦਿੱਤੀਆਂ ਗਈਆਂ ਹਨ।




ਯੌਰਕ ਰੀਜਨ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਕੂਲ ਦੀ ਸਾਰੀ ਟਰਾਂਸਪੋਰਟੇਸ਼ਨ ਕੰਮ ਕਰਦੀ ਰਹੇਗੀ ਤੇ ਸਾਰੀਆਂ ਸਕੂਲ ਬਿਲਡਿੰਗਜ਼ ਵੀ ਖੁੱਲ੍ਹੀਆਂ ਰੱਖੀਆਂ ਜਾ ਰਹੀਆਂ ਹਨ ਪਰ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਕਿ ਕੁੱਝ ਥਾਂਵਾਂ ਉੱਤੇ ਦੇਰ ਹੋ ਸਕਦੀ ਹੈ। ਪੀਲ ਰੀਜਨ ਵਿੱਚ ਸੇਂਟ ਐਂਡਰਿਊ, ਸੇਂਟ ਪੀਟਰ, ਸੇਂਟ ਬੈਨੇਡਿਕਟ ਤੇ ਰੌਬਰਟ ਐਫ ਹਾਲ ਸੀਐਸਐਸ ਨੂੰ ਅੱਜ ਰੱਦ ਕਰ ਦਿੱਤਾ ਗਿਆ। ਪਰ ਬਾਕੀ ਸਾਰੀ ਸਕੂਲ ਟਰਾਂਸਪੋਰਟੇਸ਼ਨ ਕੰਮ ਕਰ ਰਹੀ ਹੈ ਤੇ ਸਾਰੀਆਂ ਸਕੂਲ ਬਿਲਡਿੰਗਜ਼ ਵੀ ਖੁੱਲ੍ਹੀਆਂ ਹਨ।

ਸਿਮਕੋ ਕਾਊਂਟੀ ਦੇ ਸਾਰੇ ਸਕੂਲ ਖੁੱਲ੍ਹੇ ਰਹਿਣਗੇ ਪਰ ਸਕੂਲ ਟਰਾਂਸਪੋਰਟੇਸ਼ਨ ਨੂੰ ਰੱਦ ਕਰ ਦਿੱਤਾ ਗਿਆ ਹੈ। ਗੁਐਲਫ ਤੇ ਵੈਲਿੰਗਟਨ ਕਾਊਂਟੀ ਵਿੱਚ ਰੌਕਵੁੱਡ, ਐਰਿਨ, ਸੈਂਟਰ ਵੈਲਿੰਗਟਨ ਤੇ ਨੌਰਥ ਵੈਲਿੰਗਟਨ ਵਿੱਚ ਬੱਸਾਂ ਰੱਦ ਕਰ ਦਿੱਤੀਆਂ ਗਈਆਂ ਹਨ। ਟ੍ਰਿਲੀਅਮ ਲੇਕਲੈਂਡਜ਼ ਡੀਐਸਬੀ ਵਿੱਚ ਸਿਟੀ ਆਫ ਕਵਾਰਥਾ ਲੇਕਸ, ਹੈਲੀਬਰਟਨ ਤੇ ਮਸਕੋਕਾ ਵਿੱਚ ਚੱਲਣ ਵਾਲੀਆਂ ਸਾਰੀਆਂ ਬੱਸਾਂ ਰੱਦ ਕਰ ਦਿੱਤੀਆਂ ਗਈਆਂ ਹਨ ਜਦਕਿ ਸਕੂਲ ਖੁੱਲ੍ਹੇ ਰਹਿਣਗੇ।

# ਗੁਰਦੁਆਰਾ ਅਜੀਤਸਰ ਸਾਹਿਬ ਵਿਖੇ ਅੱਗ ਨਾਲ ਗੁਰੂ ਗ੍ਰੰਥ ਸਾਹਿਬ ਦੇ ਕਈ ਸਰੂਪ ਅਗਨ ਭੇਟ

ਜਗਰਾਉਂ, 30 ਮਾਰਚ,(ਪੋਸਟ ਬਿਊਰੋ)-ਏਥੋਂ ਦੀ ਰਾਏਕੋਟ ਰੋਡ ਉਤੇ ਗੁਰੂਦੁਆਰਾ ਅਜੀਤਸਰ ਸਾਹਿਬ ਵਿਖੇ ਅੱਧੀ ਰਾਤ ਨੂੰ ਸੁੱਖ ਆਸਨ ਵਾਲੇ ਕਮਰੇ ਵਿਚ ਸ਼ਾਰਟ ਸਰਕਟ ਨਾਲ ਲੱਗੀ ਅੱਗ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਈ ਸਰੂਪਅਗਨ ਭੇਟ ਹੋ ਗਏ। ਇਸ ਦਾ ਪਤਾ ਲੱਗਦੇ ਸਾਰ ਸਵੇਰੇਆਮ ਸ਼ਰਧਾਲੂਅਤੇ ਨਿਹੰਗ ਜਥੇਬੰਦੀਆਂ ਵੱਡੀ ਗਿਣਤੀ ਵਿੱਚ ਗੁਰ-ਦੁਆਰਾ ਸਾਹਿਬ ਵਿਖੇ ਪਹੁੰਚੀਆਂ ਤੇ



ਇਸ ਘਟਨਾ ਪਿੱਛੇ ਕਿਸੇ ਸ਼ਰਾਰਤ ਦਾ ਦੋਸ਼ ਲਾਇਆ।

ਮਿਲੀ ਜਾਣਕਾਰੀ ਅਨੁਸਾਰ ਗੁਰਦੁਆਰਾ ਸਾਹਿਬ ਦੇ ਸੁਖ ਆਸਨ ਵਾਲੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਵਾਸਤੇ ਲਾਏ ਪੱਖੇ ਦੀ ਤਾਰਅੱਧੀ ਰਾਤ ਅਚਾਨਕ ਸ਼ਾਰਟ ਹੋ ਗਈ ਤੇ ਇਸ ਕਾਰਨ ਪੱਖੇ ਨਾਲ ਲਟਕ ਰਹੇ ਸੁੱਖ ਆਸਣ ਵਾਲੇ ਕਮਰੇ ਦੇ ਪਰਦਿਆਂ ਨੂੰ ਅੱਗ ਪੈਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਤੇ ਦੋ ਪੋਥੀਆਂ ਨੂੰ ਅੱਗ ਨੇ ਲਪੇਟ ਵਿੱਚ ਲੈ ਲਿਆ। ਕਾਫੀ ਜੱਦੋਜਹਿਦ ਤੋਂ ਬਾਅਦ ਅੱਗ ਉੱਤੇ ਕਾਬੂ ਪਾਇਆ ਗਿਆ।

# ਐਕਸ਼ਨ ਵਿੱਚ ਭਗਵੰਤ ਸਰਕਾਰ: ਸਕੂਲੀ ਸਿੱਖਿਆ ਅਤੇ ਸਰਕਾਰੀ ਖਜ਼ਾਨੇ ਬਾਰੇ ਸਖ਼ਤ ਹੁਕਮ ਜਾਰੀ

ਚੰਡੀਗੜ੍ਹ, 30 ਮਾਰਚ,(ਪੋਸਟ ਬਿਊਰੋ)- ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਹੇਠਲੀ ਆਮ ਆਦਮੀ ਪਾਰਟੀ ਦੀ ਨਵੀਂ ਸਰਕਾਰ ਨੇ ਅੱਜ ਇਸ ਰਾਜ ਦੇ ਖਜ਼ਾਨਾ ਦਫਤਰਾਂ ਅਤੇ ਸਿੱਖਿਆ ਵਿਭਾਗ ਬਾਰੇ ਅਹਿਮ ਹਦਾਇਤਾਂ ਜਾਰੀ ਕੀਤੀਆਂ ਅਤੇ ਇਸ ਮੌਕੇ ਪ੍ਰਾਈਵੇਟ ਸਿੱਖਿਅਕ ਅਦਾਰਿਆਂ ਨੂੰ ਵੀ ਅੱਖਾਂ ਦਿਖਾਈਆਂ ਹਨ।

ਨਵੀਂ ਸਰਕਾਰ ਨੇ ਪੰਜਾਬ ਦੇ ਸਾਰੇ ਜ਼ਿਲਾ ਖਜ਼ਾਨਾ ਦਫਤਰਾਂ ਤੇ ਸਬ-ਖਜ਼ਾਨਾ ਦਫ਼ਤਰਾਂ ਦਾ ਕੰਮ ਠੀਕ ਢੰਗ ਨਾਲ ਚਲਾਉਣ ਲਈ ਹਦਾਇਤ ਜਾਰੀ ਕੀਤੀ ਹੈ ਕਿ ਸਾਰੇ ਅਫਸਰ, ਕਰਮਚਾਰੀ ਸਮੇਂ ਸਿਰ ਦਫਤਰ ਆਉਣ ਤੇ ਦਫ਼ਤਰੀ ਸਮੇਂ ਦੌਰਾਨ ਆਪਣੀ ਸੀਟ ਉੱਤੇ ਰਹਿਣ ਤਾਂ ਜੋ ਆਮ ਜਨਤਾ, ਪੈਨਸ਼ਨਰਾਂ, ਸਰਕਾਰੀ ਮੁਲਾਜ਼ਮਾਂ ਨੂੰ ਔਖ ਨਾ ਆਵੇ। ਇਹ ਵੀ ਹਦਾਇਤ

*** ਪ੍ਰਾਈਵੇਟ ਸਕੂਲਾਂ ਦੀ ਫੀਸ ਵਧਾਉਣ ਉੱਤੇ ਰੋਕ ਲਾਈ**

ਕੀਤੀ ਹੈ ਕਿ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੀ ਛੁੱਟੀ ਵੇਲੇ ਉਸ ਦੀ ਥਾਂ ਕੋਈ ਜ਼ਰੂਰ ਨਿਯੁਕਤ ਕੀਤਾ ਜਾਵੇ ਤੇ ਆਮ ਲੋਕਾਂ, ਸੀਨੀਅਰ ਸਿਟੀਜ਼ਨਜ਼, ਪੈਨਸ਼ਨਰਾਂ ਆਦਿ ਨਾਲ ਨਰਮੀ ਭਰਿਆ ਵਤੀਰਾ ਵਰਤ ਕੇ ਉਨ੍ਹਾਂ ਦੀ ਸਮੱਸਿਆ ਪਹਿਲ ਦੇ ਅਧਾਰ ਉੱਤੇ ਹੱਲ ਕੀਤੀ ਜਾਵੇ। ਤਾਜ਼ਾ ਆਦੇਸ਼ਾਂ ਆਦੇਸ਼ ਅਨੁਸਾਰ ਜ਼ਿਲਾ ਅਤੇ ਸਬ-ਖਜ਼ਾਨਾ ਦਫ਼ਤਰਾਂ ਵਿਖੇ ਬਿੱਲ ਪੁੱਜਣ ਉੱਤੇ ਤੁਰੰਤ ਚੈੱਕ ਕਰ ਕੇ ਯਕੀਨੀ ਬਣਾਇਆ ਜਾਵੇਗਾ ਕਿ ਜੇਕੋਈ ਇਤਰਾਜ਼ ਹੋਣ ਤਾਂ ਇੱਕੋ ਵਾਰ ਅਤੇ ਨਿਯਮਾਂ ਦਾ ਹਵਾਲਾ ਦੇ ਕੇ ਸਾਫਪੜ੍ਹਨ ਯੋਗ ਸ਼ਬਦਾਂ ਵਿਚ ਲਿਖੇ



ਜਾਣ। ਇਤਰਾਜ਼ ਲੱਗੇ ਬਿੱਲ ਦੀ ਹਾਰਡ ਕਾਪੀ ਦੇਰੀ ਤੋਂ ਬਿਨਾਂ ਸਬੰਧਤ ਡੀ ਡੀ ਓ ਨੂੰ ਵਾਪਸ ਭੇਜੀ ਜਾਵੇ ਤੇ ਬਿੱਲਾਂ ਦੇ ਦਸਤਾਵੇਜ਼ਾਂ ਦੀ ਚੈੱਕ ਲਿਸਟ,ਭਾਵ ਬਿੱਲਾਂ ਨਾਲ ਸਬੰਧਤ ਵਿੱਤ ਵਿਭਾਗ ਦੀਆਂ ਹਦਾਇਤਾਂ ਨੋਟਿਸ ਬੋਰਡ ਉੱਤੇ ਲਾਈਆਂ ਜਾਣ ਤੇ ਖਜ਼ਾਨੇ ਵਿੱਚ ਮੌਜੂਦ ਅਸ਼ਟਾਮਾਂ ਅਤੇ ਟਿਕਟਾਂ ਦੀ ਗਿਣਤੀ ਨੋਟਿਸ ਬੋਰਡ ਉੱਤੇ ਰੋਜ਼ ਲਿਖੀ ਜਾਵੇ, ਤਾਂ ਕਿ ਲੋਕਾਂ ਨੂੰ ਇਨ੍ਹਾਂ ਦੀ ਘਾਟ ਦੱਸ ਕੇ ਲੁੱਟਿਆ ਨਾ ਜਾ ਸਕੇ।

ਦੂਸਰੇ ਪਾਸੇ ਪੰਜਾਬ ਸਰਕਾਰ ਨੇ ਪ੍ਰਾਈਵੇਟ ਸਕੂਲਾਂਵੱਲੋਂ ਫੀਸ ਵਧਾਉਣ ਦੀ ਪਾਬੰਦੀ ਲਾ ਦਿੱਤੀ ਹੈਤੇ ਇਸ ਦਾ ਕਾਰਨ ਇਹ ਦੱਸਿਆ ਹੈ ਕਿ ਸਿੱਖਿਆ ਮਹਿੰਗੀ ਹੋ ਜਾਣ ਨਾਲ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਈ ਹੈ, ਮਜਬੂਰੀ ਵੱਸ ਮਾਤਾ-ਪਿਤਾ ਬੱਚਿਆਂ ਨੂੰ ਸਕੂਲੋਂ ਹਟਾ ਕੇ ਕੰਮ ਉੱਤੇ ਲਾ ਦਿੰਦੇ ਹਨ। ਅੱਜ ਵੀਡੀਓ ਜਾਰੀ ਕਰ ਕੇਮੁੱਖ ਮੰਤਰੀ ਨੇ ਕਿਹਾਕਿ ਸਿੱਖਿਆ ਬਾਰੇ ਪੰਜਾਬ ਸਰਕਾਰ ਦੇ ਦੋ ਵੱਡੇ ਫ਼ੈਸਲੇ ਹਨ। ਇਕ, ਪ੍ਰਾਈਵੇਟ ਸਕੂਲ ਇਸ ਸਮੈਸਟਰ ਵਿਚ ਇੱਕ ਪੈਸਾ ਵੀ ਫੀਸ ਨਹੀਂ ਵਧਾ ਸਕਣਗੇ ਤੇ ਫੀਸ ਵਧਾਉਣ ਦੀ ਪਾਲਿਸੀ ਅਗਲੇ ਦਿਨੀਂ ਵਿਸਥਾਰ ਨਾਲਸਕੂਲਾਂ ਨਾਲ ਸਾਂਝੀ ਕੀਤੀ ਜਾਵੇਗੀ।ਉਨ੍ਹਾ ਕਿਹਾ ਕਿਇਹ ਪਾਲਿਸੀਸਕੂਲ ਪ੍ਰਿੰਸੀਪਲਾਂ ਤੇ ਬੱਚਿਆਂ ਦੇ ਮਾਪਿਆਂ ਨਾਲ ਮਿਲ ਕੇ ਬਣਾਉਣਗੇ। ਇਸ ਤੋਂ ਇਲਾਵਾ ਕੋਈ ਸਕੂਲ ਵਰਦੀ ਤੇ ਕਿਤਾਬਾਂ ਕਿਸੇ ਖਾਸ ਦੁਕਾਨ ਤੋਂ ਖਰੀਦਣ ਨੂੰ ਨਹੀਂ ਕਹੇਗਾ ਤੇ ਇਲਾਕੇ ਦੀਆਂ ਸਭ ਦੁਕਾਨਾਂ ਤੋਂ ਇਹ ਸਮਾਨ ਮਿਲੇਗਾ। ਮਾਤਾ-ਪਿਤਾ ਮਰਜ਼ੀ ਦੀ ਦੁਕਾਨ ਤੋਂ ਵਰਦੀ ਜਾਂ ਕਿਤਾਬਾਂ ਖਰੀਦ ਸਕਣਗੇ।

# ਡੇਰਾ ਸਿਰਸਾ ਨੇ ਬੇਅਦਬੀ ਕੇਸਾਂ ਦੀ ਜਾਂਚ ਬਾਰੇ ਆਪਣਾ ਪੱਖ ਰੱਖਿਆ

ਚੰਡੀਗੜ੍ਹ, 30 ਮਾਰਚ,(ਪੋਸਟ ਬਿਊਰੋ)-ਡੇਰਾ ਸੱਚਾ ਸੌਦਾ ਦੇ ਬੁਲਾਰੇ ਅਤੇ ਵਕੀਲਾਂ ਨੇ ਕਿਹਾ ਹੈ ਕਿ ਬੇਅਦਬੀ ਦੇ ਕੇਸ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਿਆਸਤ ਦੇ ਕਾਰਨ ਫਸਾਇਆ ਜਾ ਰਿਹਾ ਹੈ।

ਇਸ ਸੰਬੰਧ ਵਿੱਚ ਅੱਜ ਚੰਡੀਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਡੇਰੇ ਦੇ ਬੁਲਾਰੇ ਜਤਿੰਦਰ ਖ਼ੁਰਾਣਾ, ਸੰਦੀਪ ਕੌਰ ਅਤੇ ਵਕੀਲ ਹਰੀਸ਼ ਛਾਬੜਾ ਤੇ ਕੇਵਲ ਬਰਾੜ ਨੇ ਦਾਅਵਾ ਕੀਤਾਕਿ ਬੇਅਦਬੀ ਕੇਸਾਂ ਦਾ ਡੇਰੇ ਨਾਲ ਕੋਈ ਸਬੰਧ ਨਹੀਂ।ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਇਸ ਦੀ ਉੱਚ ਪੱਧਰੀ ਜਾਂਚ ਕਰਵਾਉਣ ਪਿੱਛੋਂ ਅਸਲ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ

*** ਪੰਜਾਬ ਪੁਲਸ ਉੱਤੇ ਝੂਠਾ ਕੇਸ ਬਣਾਉਣ ਦਾ ਦੋਸ਼ ਲਾਇਆ**

2015 ਵਿੱਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਵਿੱਚਓਦੋਂ ਦੀ ਪੰਜਾਬ ਸਰਕਾਰ ਨੇ ਸਿਆਸਤ ਕਰਦੇ ਹੋਏ ਡੇਰਾ ਸੱਚਾ ਸੌਦਾ ਦੇ ਸ਼ਰਧਾਲੂਆਂ ਨੂੰ ਫਸਾਉਣ ਦੀ ਕੋਸ਼ਿਸ਼ ਕੀਤੀ ਅਤੇ ਇਸ ਵੇਲੇ ਡੇਰਾ ਮੁਖੀ ਨੂੰ ਫਸਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਨੇ ਸਾਜ਼ਿਸ਼ ਹੇਠ ਅਸਲ ਦੋਸ਼ੀ ਗ੍ਰਿਫ਼ਤਾਰ ਨਹੀਂ ਕੀਤੇ, ਡੇਰਾ ਸੱਚਾ ਸੌਦਾ



ਉੱਤੇ ਝੂਠੇ ਦੋਸ਼ ਲਾਏ ਸਨ।

ਜਤਿੰਦਰ ਖ਼ੁਰਾਣਾ ਨੇ ਕਿਹਾ ਕਿ ਪੰਜਾਬ ਪੁਲਸ ਦੇ ਸਾਬਕਾ ਡੀਆਈਜੀ ਰਣਬੀਰ ਖਟੜਾ ਪਹਿਲਾਂਕਹਿੰਦੇ ਸਨ ਕਿ ਡੇਰਾ ਮੁਖੀ ਦਾ ਮੁਆਫ਼ੀਨਾਮਾ ਕਬੂਲ ਹੋਣ ਉੱਤੇ ਡੇਰਾ ਅਜਿਹੀ ਘਿਣਾਉਣੀ ਘਟਨਾ ਨਹੀਂ ਕਰ ਸਕਦਾ, ਪਰ ਇਸ ਦੇ ਬਾਅਦਕਾਂਗਰਸ ਸਰਕਾਰ ਦੇ ਇਸ਼ਾਰੇ ਉੱਤੇ ਡੇਰਾ ਸੱਚਾ ਸੌਦਾ ਦੇ ਪੈਰੋਕਾਰਾਂ ਅਤੇ ਡੇਰਾ ਮੁਖੀਖਿਲਾਫਦੋਸ਼ ਲਾ ਦਿੱਤਾ। ਖ਼ੁਰਾਣਾ ਨੇ ਕਿਹਾ ਕਿ ਮਹਿੰਦਰਪਾਲ ਬਿੱਟੂ ਨੂੰ ਗ੍ਰਿਫ਼ਤਾਰ ਕਰਨ ਸਮੇਂ ਜਾਂਚਸੀ ਬੀ ਆਈਕੋਲ ਸੀ ਤਾਂ ਪੰਜਾਬ ਪੁਲਿਸ ਨੇ ਬਿੱਟੂਅਤੇ ਹੋਰਨਾਂ ਨੂੰ ਸੀ ਬੀ ਆਈ ਦੇ ਹਵਾਲੇ ਕਰ ਦਿੱਤਾ ਸੀ। ਇਸ ਪਿੱਛੋਂਸੀ ਬੀ ਆਈ ਨੇ ਬਿੱਟੂ ਦਾ ਝੂਠ ਬੋਲਣ ਬਾਰੇ ਵੀ ਅਤੇ ਬ੍ਰੇਨ ਮੈਪਿੰਗ ਟੈਸਟ ਵੀ ਕਰਵ-ਾਇਆ, ਪਰ ਹੱਥ ਕੁਝ ਨਹੀਂ ਲੱਗਾ ਤਾਂ ਬਿੱਟੂਅਤੇ ਹੋਰ ਦੋਸ਼ੀ ਬੇਗੁਨਾਹ ਨਿਕਲੇ। ਇਸ ਤਰ੍ਹਾਂ ਸੀ ਬੀ ਆਈ ਨੇ ਉਨ੍ਹਾਂ ਨੂੰ ਅਦਾਲਤੀ ਕੇਸ ਵਿੱਚ ਕਲੀਨ ਚਿੱਟ ਦੇ ਦਿੱਤੀ ਸੀ।

ਵਕੀਲ ਹਰੀਸ਼ ਛਾਬੜਾ ਨੇ ਕਿਹਾ ਕਿ ਪੰਜਾਬ ਪੁਲਿਸ ਇਸ ਕੇਸ ਵਿੱਚ ਬਹੁਤ ਝੂਠ ਬੋਲਦੀ ਤੇ ਅਸਲ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਥਾਂਡੇਰਾ ਸੱਚਾ ਸੌਦਾ ਨੂੰ ਫਸਾਉਣਾ ਚਾਹੁੰਦੀ ਹੈ, ਇਸ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਅਪੀਲ ਹੈ ਕਿ ਇਸ ਕੇਸ ਵਿੱਚ ਦੇਸ਼ ਦੀ ਕਿਸੇ ਵੱਡੀ ਏਜੰਸੀ ਤੋਂ ਜਾਂਚ ਕਰਵਾਏ ਤਾਂ ਕਿ ਬੇਅਦਬੀ ਕਰਨ ਵਾਲੇ ਅਸਲੀ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਬੇਅਦਬੀ ਕਰਨ ਵਾਲੇ ਦੋਸ਼ੀ ਅੱਜ ਵੀ ਬਾਹਰ ਖੁੱਲ੍ਹੇਆਮ ਘੁੰਮਦੇ ਹਨ, ਜਦੋਂ ਕਿ ਨਿਰਦੋਸ਼ ਹੋਣ ਦੇ ਬਾਵਜੂਦ ਡੇਰਾ ਸੱਚਾ ਸੌਦਾ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

IMMIGRATION SERVICES
INCLUDE
Express Entry
Visitor Visa | Super Visa
Work Permit
Study Permit
Spousal Sponsorship
PNP Nominations
LMIA
WE SPECIALIZE IN HUMANITARIAN AND COMPASSIONATE APPLICATIONS
DRAKE IMMIGRATION SOLUTIONS
AUTHORIZED AGENT FOR MITT
MANITOBA INSTITUTE OF TRADES & TECHNOLOGY
(204) 558-9750
www.drakeimmigration.ca
Toronto Office: 98 Gallucci Cres Brampton, ON L6P 1R7
Winnipeg Office: Centro Caboto Centre 128-1055 Wilkes Ave, Winnipeg, MB R3P 2L7

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## ਅੱਜ ਨਾਮਾ

ਮਾਣੀ ਜਿਨ੍ਹਾਂ ਨੇ ਟੌਹਰ ਨਾਲ ਚੇਅਰਮੈਨੀ,
ਛੱਡ ਕੇ ਘਰੀਂ ਉਹ ਲੱਗੇ ਨੇ ਜਾਣ ਬੇਲੀ।
ਆਇਆ ਜਿੱਦਣ ਦਾ ਮਾਨ ਭਗਵੰਤ ਅੱਗੇ,
ਫਾਈਲਾਂ ਸੁਣੀਂਦਾ ਰਿਹਾ ਉਹ ਛਾਣ ਬੇਲੀ।
ਇਹੋ ਲੱਗੀ ਪਈ ਚਿਤਵਣੀ ਸਾਰਿਆਂ ਨੂੰ,
ਲਵੇ ਲੱਭ ਨਹੀਂ ਕਿਤੇ ਕੋਈ ਕਾਣ ਬੇਲੀ।
ਵਕਤਰਹਿੰਦਿਆਂ ਨਹੀਂ ਕੁਝ ਰਿਹਾ ਚੇਤੇ,
ਰਜਾਏ ਯਾਰ ਸਨ, ਲੱਗੇ ਰਹੇ ਖਾਣ ਬੇਲੀ।
ਆਉਂਦਾ ਹਸ਼ਰ ਦਾ ਜਾਪਦਾ ਵਕਤ ਲਾਗੇ,
ਬਚਾ ਕੇ ਪੱਲਾ ਫਿਰ ਰਹੇ ਉਹਭੱਜ ਬੇਲੀ।
ਚਰਿਆ ਮਾਲ ਤਾਂ ਖੁਰਲੀ ਸੀ ਕਰੀ ਖਾਲੀ,
ਸਕਦਾ ਖੁਰਲੀ ਨਾਕਦੇ ਕੋਈ ਕੱਜ ਬੇਲੀ।

**ਤੀਸ ਮਾਰ ਖਾਂ**

# ਕੇਜਰੀਵਾਲ ਦੇ ਘਰ ਅੱਗੇ ਪ੍ਰਦਰਸ਼ਨ ਕਰਦੇ ਭਾਜਪਾ ਦੇ ਵਰਕਰਾਂ ਵੱਲੋਂ ਭੰਨ-ਤੋੜ

### * ਭਾਜਪਾ ਐੱਮ ਪੀ ਤੇਜੱਸਵੀ ਸੂਰਿਆ ਸਣੇ ਕਈ ਨੇਤਾ ਗ੍ਰਿਫਤਾਰ * ਸਿਸੋਦੀਆ ਵੱਲੋਂ ਦੋਸ਼: ਕੇਜਰੀਵਾਲ ਨੂੰ ਮਰਵਾਉਣਾ ਚਾਹੁੰਦੀ ਹੈ ਭਾਜਪਾ

ਨਵੀਂ ਦਿੱਲੀ, 30 ਮਾਰਚ,(ਪੋਸਟ ਬਿਊਰੋ)-ਭਾਰਤੀ ਜਨਤਾ ਯੁਵਾ ਮੋਰਚਾ ਦੇ ਵਰਕਰਾਂ ਨੇ ਅੱਜ ਬੁੱਧਵਾਰ ਦੁਪਹਿਰ ਨੂੰ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕੀਤਾ ਤੇ ਦੋਸ਼ ਲਾਇਆ ਕਿ ਅਰਵਿੰਦ ਕੇਜਰੀਵਾਲ ਨੇ ਕਸ਼ਮੀਰੀ ਹਿੰਦੂਆਂ ਦਾ ਅਪਮਾਨ ਕੀਤਾ ਹੈ।

ਇਸ ਸੰਬੰਧ ਵਿੱਚ ਅੱਜਭਾਰਤੀ ਜਨਤਾ ਯੁਵਾ ਮੋਰਚਾ ਦੇ ਪ੍ਰਧਾਨ ਅਤੇ ਪਾਰਲੀਮੈਂਟ ਮੈਂਬਰ ਤੇਜੱਸਵੀ ਸੂਰਿਆ ਦੀ ਅਗਵਾਈ ਹੇਠ ਮੁੱਖ ਮੰਤਰੀ ਦੇ ਘਰ ਅੱਗੇਪਹੁੰਚੇ ਭਾਜਪਾ ਵਰਕਰਾਂ ਨੇ ਪੁਲਿਸਬੈਰੀਕੇਡ ਤੋੜ ਦਿੱਤੇ ਅਤੇਮੁੱਖ ਮੰਤਰੀ ਨਿਵਾਸ ਦੇ ਗੇਟ ਤਕ ਪਹੁੰਚ ਗਏ।ਫਿਰ ਉਨ੍ਹਾਂ ਨੇ ਸੀਸੀਟੀਵੀ ਕੈਮਰੇ ਦੇ ਨਾਲ-ਨਾਲ ਗੇਟ ਸਾਹਮਣੇ ਲੱਗੇ ਬੈਰੀਅਰ ਨੂੰ ਤੋੜਿਆ ਅਤੇਉੱਤੇ ਗੇਟ ਭਗਵਾਂ ਰੰਗ ਫੇਰਨ ਦੀ ਕੋਸ਼ਿਸ਼ ਕੀਤੀ ਤਾਂ ਓਥੇ ਮੌਜੂਦ ਪੁਲਿਸ ਨੇ ਤੇਜੱਸਵੀ ਸੂਰਿਆ ਸਮੇਤ ਕਈ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ।ਇਸ ਤੋਂ ਪਹਿਲਾਂ ਖਬਰ ਸੀ ਕਿ ਅੱਜ ਕੁਝ ਸਮਾਜ ਵਿਰੋਧੀ ਅਨਸਰਾਂ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇਘਰ ਉੱਤੇ ਹਮਲਾ ਕੀਤਾ ਅਤੇ ਓਥੇ ਲੱਗੇ ਸੀਸੀਟੀਵੀ ਕੈਮਰੇ ਅਤੇ ਸੁਰੱਖਿਆ ਬੈਰੀਅਰ ਤੋੜ ਦਿੱਤੇ ਅਤੇਮੁੱਖ ਮੰਤਰੀ ਰਿਹਾਇਸ਼ ਮੂਹਰੇ ਬੂਮ ਬੈਰੀਅਰ ਤੋੜ ਦਿੱਤੇ ਹਨ।



ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਆਪਣੇ ਟਵਿੱਟਰਅਕਾਊਂਟ ਉੱਤੇ ਇਹ ਜਾਣਕਾਰੀ ਦਿੱਤੀ ਤਾਂ ਪਾਰਟੀ ਦੇ ਹੋਰ ਨੇਤਾਵਾਂ ਨੇ ਵੀ ਉਹੀ ਟਵੀਟ ਅੱਗੇ ਰੀਟਵੀਟ ਕੀਤਾ।ਸਿਸੋਦੀਆ ਨੇ ਦਿੱਲੀ ਦੇ ਮੁੱਖ ਮੰਤਰੀ ਨਿਵਾਸ ਅੱਗੇਭਾਜਪਾ ਯੁਵਾ ਜਨਤਾ ਮੋਰਚਾ ਦੇ ਪ੍ਰਦਰਸ਼ਨ ਨੂੰ ਕੇਜਰੀਵਾਲ ਦੀ ਹੱਤਿਆ ਦੀ ਕੋਸ਼ਿਸ਼ ਦੱਸ ਕੇ ਕਿਹਾ ਕਿ ਇਹ ਸਭ ਕੁਝ ਪਹਿਲਾਂ ਤੋਂ ਤੈਅ ਸੀ।ਸਿਸੋਦੀਆ ਨੇ ਇਸ ਨੂੰ ਸਿੱਧਾ ਹਮਲਾ ਦੱਸ ਕੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਅਤੇ ਭਾਜਪਾ ਦੀ ਹਾਰ ਕਾਰਨ ਭਾਜਪਾ ਕੇਜਰੀਵਾਲ ਨੂੰ ਮਾਰਨਾ ਚਾਹੁੰਦੀ ਹੈ ਅਤੇ ਪੁਲਿਸ ਜਾਣਬੁੱਝ ਕੇ ਭਾਜਪਾ ਦੇ ਗੁੰਡਿਆਂ ਨੂੰ ਮੁੱਖ ਮੰਤਰੀ ਕੇਜਰੀਵਾਲ ਦੇ ਘਰ ਤੱਕ ਲੈ ਕੇ ਗਈ, ਜਿਨ੍ਹਾਂ ਨੇਮੁੱਖ ਮੰਤਰੀ ਨਿਵਾਸ ਮੂਹਰੇ ਲੱਗੇ ਸੀਸੀਟੀਵੀ ਕੈਮਰੇ ਅਤੇ ਬੈਰੀਅਰ ਤੋੜ ਦਿੱਤੇ।

ਦੂਸਰੇ ਪਾਸੇ ਦਿੱਲੀ ਦੇ ਉੱਤਰੀ ਜ਼ਿਲੇ ਦੀ ਪੁਲਸ ਦੇ ਡਿਪਟੀ ਕਮਿਸ਼ਨਰ ਸਾਗਰ ਸਿੰਘ ਕਲਸੀ ਨੇ ਦੱਸਿਆ ਹੈ ਕਿ ਭਾਜਪਾ ਯੁਵਾ ਮੋਰਚਾ ਦੇ ਧਰਨੇ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਹੰਗਾਮੇ ਦੌਰਾਨ ਸੀਸੀਟੀਵੀ ਉੱਤੇ ਵੀ ਹਮਲਾ ਕੀਤਾ।ਉਨ੍ਹਾਂ ਦੱਸਿਆ ਕਿ ਇਨ੍ਹਾਂ ਲੋਕਾਂ ਨੇ ਮੁੱਖ ਮੰਤਰੀ ਨਿਵਾਸ ਉੱਤੇ ਪੇਂਟ (ਰੰਗ) ਵੀ ਸੁੱਟਿਆ ਤੇ ਅਸੀਂ ਇਸ ਕੇਸ ਵਿੱਚ 50 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ, ਜਿਸ ਦੇ ਬਾਅਦ ਫਿਲਹਾਲ ਸ਼ਾਂਤੀ ਹੈ।

## ਸ਼੍ਰੋਮਣੀ ਕਮੇਟੀ ਨੇ ਸਿਰੋਪੇ ਦੇਣ ਵਾਸਤੇ ਪੰਜ ਸਾਲਾਂ ਵਿੱਚ 18 ਕਰੋੜ ਦਾ ਕੱਪੜਾ ਖਰੀਦ ਲਿਆ

ਸੰਗਰੂਰ, 29 ਮਾਰਚ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਵੱਲੋਂ ਪਿਛਲੇ ਪੰਜ ਸਾਲਾਂ ਦੇ ਅਰਸੇ ਦੌਰਾਨ ਗੁਰੂ ਘਰਾਂ ਦੇ ਦਰਸ਼ਨ ਕਰਨ ਲਈ ਆਉਂਦੇ ਪਤਵੰਤੇ ਸੱਜਣਾਂ ਤੇ ਹੋਰ ਲੋਕਾਂ ਨੂੰ ਮਾਣ-ਸਤਿਕਾਰ ਵਜੋਂ ਸਿਰੋਪਾਉ ਭੇਟ ਕਰਨ ਲਈ 18 ਕਰੋੜ 7 ਲੱਖ ਰੁਪਏ ਤੋਂ ਵੱਧ ਦਾ ਕੱਪੜਾ ਖ਼ਰੀਦ ਕੇ ਤਕਰੀਬਨ 36 ਲੱਖ 15 ਹਜ਼ਾਰ ਦੇ ਕਰੀਬ ਸਿਰੋਪਾਉ ਦਿੱਤੇ ਗਏ ਹਨ, ਜਿਹੜੀ ਇੱਕ ਵੱਡੀ ਗਿਣਤੀ ਬਣਦੀ ਹੈ।

ਮਿਲੀ ਜਾਣਕਾਰੀ ਅਨੁਸਾਰ ਸਭ ਤੋਂ ਵੱਧ ਸਿਰੋਪਾਉ ਦੀ ਵਰਤੋਂ ਸਾਲ 2015-16 ਵਿੱਚਹੋਈ ਹੈ, ਕਿਉਂਕਿ ਹੋਰ ਸਾਲਾਂ ਦੇ ਮੁਕਾਬਲੇ ਇਸ ਸਾਲ 6 ਕਰੋੜ 7 ਲੱਖ 26 ਹਜ਼ਾਰ 870 ਰੁਪਏ ਦਾ ਕੱਪੜਾ ਖਰੀਦ ਕੀਤਾ ਅਤੇ ਪ੍ਰਤੀ ਸਿਰੋਪਾ ਅੰਦਾਜ਼ਨ 50 ਰੁਪਏ ਦੇ ਹਿਸਾਬ ਨਾਲ ਇਸ ਸਾਲ ਵਿੱਚ 12 ਲੱਖ 14 ਹਜ਼ਾਰ 537 ਸਿਰੋਪੇ ਬਣੇ ਸਨ। ਗੁਰੂ ਘਰਾਂ ਵਿੱਚ ਆਉਂਦੇ ਪਤਵੰਤਿਆਂ ਨੂੰ ਹਰ ਮਹੀਨੇ ਇੱਕ ਲੱਖ ਸਿਰੋਪੇ ਦੇਣੇ ਬਹੁਤ ਵੱਡੀ ਗਿਣਤੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਉ ਦਾ ਕੱਪੜਾ ਨਿੱਜੀ ਕੰਪਨੀਆਂ ਤੋਂ ਟੈਂਡਰ ਦੇ ਕੇ ਖਰੀਦਿਆ ਜਾਂਦਾ ਹੈ, ਜਿਹੜਾ ਵੀ ਸਸਤਾ ਪੈਂਦਾ ਹੋਵੇਗਾ, ਪਰ ਬੁੱਧੀਜੀਵੀ ਵਰਗ ਵੱਲੋਂ ਸਿਰੋਪੇ ਦੀ ਵੰਡ ਅਤੇ ਗਿਣਤੀ ਨੂੰ ਕਿਸੇ ਰਾਜਨੀਤਕ ਪਾਰਟੀ ਨਾਲ ਜੋੜ ਕੇ ਵੀ ਵੇਖਿਆ ਜਾ ਰਿਹਾ ਹੈ। ਆਰ ਟੀ ਆਈ ਮਾਹਰ ਬ੍ਰਿਸ਼ ਭਾਨ ਬੁਜਰਕ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਕੋਲੋਂ ਸੂਚਨਾ ਅਧਿਕਾਰ ਐਕਟ ਹੇਠ ਸਾਲ 2015 ਤੋਂ ਸਾਲ 2020 ਤਕ ਖ਼ਰੀਦ ਕੀਤੇ ਸਿਰੋਪਾਉ ਦੇ ਕੱਪੜੇ ਦੀ ਕੁਲ ਕੀਮਤ ਬਾਰੇਪੁੱਛਿਆ ਸੀ, ਪਰ ਕਮੇਟੀ ਦੇ ਸੂਚਨਾ ਅਧਿਕਾਰੀ ਨੇ ਰਿਕ-ਾਰਡ ਹਾਲਸ ਨਹੀਂ ਕਰਵਾਇਆ, ਜਿਸ ਕਰਕੇ ਸੂਚਨਾ ਐਕਟ ਮੁਤਾਬਕ ਕੇਸ ਪੰਜਾਬ ਰਾਜ ਸੂਚਨਾ ਕਮਿਸ਼ਨ ਕੋਲ ਜਾਣ ਪਿੱਛੋਂ ਕਮੇਟੀ ਨੇ ਸਿਰੋਪਾਉ ਦੇਣ ਲਈ ਖ਼ਰੀਦ ਕੀਤੇ ਕੱਪੜੇ ਦੇ ਰਿਕਾਰਡ ਵਿੱਚ ਦੱਸਿਆ ਹੈ ਕਿ ਪੰਜ ਸਾਲਾਂ ਦੌਰਾਨ 18 ਕਰੋੜ 7 ਲੱਖ 89 ਹਜ਼ਾਰ 649 ਰੁਪਏ ਦਾ ਕੱਪੜਾ ਖ਼ਰੀਦਿਆਸੀ ਤੇ ਜਿਸ ਦੌਰਾਨ ਸਭ ਤੋਂ ਵੱਧ ਸਾਲ 2015-16 ਵਿੱਚ 6 ਕਰੋੜ 7 ਲੱਖ 26 ਹਜ਼ਾਰ 870 ਰੁਪਏ ਦਾ ਕੱਪੜਾ ਖਰੀਦ ਕੀਤਾ ਗਿਆ ਸੀ।

ਸਾਲ 2016-17 ਵਿੱਚ 2 ਕਰੋੜ 23 ਲੱਖ 86 ਹਜ਼ਾਰ 586ਰੁਪਏ, 2017-18 ਵਿੱਚ 3 ਕਰੋੜ 74 ਲੱਖ 28 ਹਜਾਰ 243 ਰੁਪਏ, 2018-19 ਵਿੱਚ 3 ਕਰੋੜ 12 ਲੱਖ 42 ਹਜ਼ਾਰ ਰੁਪਏ, 2019-20 ਵਿੱਚ 2 ਕਰੋੜ 90 ਲੱਖ 47 ਹਜ਼ਾਰ 908 ਰੁਪਏ ਦਾਕੱਪੜਾ ਸਿਰੋਪੇ ਦੇਣ ਲਈ ਖ਼ਰੀਦਿਆਸੀ। ਬੁਜਰਕ ਨੇ ਕਿਹਾ ਕਿ ਸਾਲ 2015-16 ਵਿੱਚ ਸਿਰੋਪੇ ਦੇਣ ਲਈ ਖ਼ਰੀਦੇ ਕੱਪੜੇ ਦੀ ਕੁਲ ਕੀਮਤ ਦੇ ਹਿਸਾਬ ਪ੍ਰਤੀ ਸਿਰੋਪਾਉ 50 ਰੁਪਏ ਕੀਮਤ ਲੱ ਕੇ ਸਿਰੋਪਾਉ ਦੀ ਗਿਣਤੀ 12 ਲੱਖ 14 ਹਜ਼ਾਰ 537 ਬਣਦੀ ਹੈ। ਏਦਾਂ ਹਰ ਮਹੀਨੇ ਇੱਕ ਲੱਖ ਤੋਂ ਵੱਧ ਸਿਰੋਪਾਉ ਸੰਗਤ ਨੂੰ ਦਿੱਤੇ ਗਏ। ਇਸੇ ਤਰ੍ਹਾਂ ਸਾਲ 2016-17 ਵਿੱਚ 4 ਲੱਖ 47 ਹਜ਼ਾਰ 731 ਸਿਰੋਪਾਉ, ਸਾਲ 2017-18 ਵਿੱਚ 7 ਲੱਖ 48 ਹਜ਼ਾਰ 564 ਸਿਰੋਪਾਉ, ਹਰ ਮਹੀਨੇ 70 ਹਜ਼ਾਰ ਤੋਂ ਵੱਧ ਸਿਰੋਪਾਉ ਦਿੱਤੇ ਗਏ। ਸਾਲ 2018-19 ਵਿੱਚ 6 ਲੱਖ 24 ਹਜ਼ਾਰ ਸਿਰੋਪਾਉਅਤੇ ਸਾਲ 2019-20 ਅੰਦਰ 5 ਲੱਖ 80 ਹਜ਼ਾਰ 958 ਸਿਰੋਪਾਉ ਦਿੱਤੇ ਗਏ, ਜਿਨ੍ਹਾਂ ਦੀ ਕੁਲ ਗਿਣਤੀ 36 ਲੱਖ 15 ਹਜ਼ਾਰ 790 ਬਣਦੀ ਹੈ। ਹਰ ਮਹੀਨੇ 72 ਹਜ਼ਾਰ ਤੋਂ ਇੱਕ ਲੱਖ ਤਕ ਦੇ ਸਿਰੋਪਾਉ ਵੰਡਣ ਨੂੰ ਦੁਰਵਰਤੋਂ ਹੀ ਮੰਨਿਆ ਜਾ ਸਕਦਾ ਹੈ, ਪਰ ਸਾਲ 2015-16 ਵਿੱਚ ਆਮਸਾਲਾਂ ਨਾਲੋਂ ਦੁਗਣੇ-ਤਿੱਗਣੇ ਸਿਰੇਪਾਉ ਦੇਣੇ ਅਤੇ 6 ਕਰੋੜ ਤੋਂ ਵੱਧ ਦਾ ਕੱਪੜਾ ਖ਼ਰੀਦਣਾ ਬਹੁਤ ਵੱਡੀ ਰਕਮ ਹੈ।

# ਬੱਜਟ ਸਮਾਗਮ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਬਾਰੇ ਸਫਾਈਆਂ, ਵਿਰੋਧੀਆਂ ਉੱਤੇ ਹਮਲੇ

ਅੰਮ੍ਰਿਤਸਰ, 30 ਮਾਰਚ,(ਪੋਸਟ ਬਿਊਰੋ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੱਜ ਹੋਏ ਬੱਜਟ ਸੈਸ਼ਨ ਦੌਰਾਨ ਸਿੱਖਮਾਮਲਿਆਂ ਨਾਲ ਸਬੰਧਤ ਕਈ ਅਹਿਮ ਮਤੇ ਪਾਸ ਕੀਤੇ ਗਏ ਤੇ ਸਾਲ 2022-23 ਦਾ 9 ਅਰਬ 88 ਕਰੋੜ 15 ਲੱਖ 53 ਹਜ਼ਾਰ 780 ਰੁਪਏ ਦਾ ਬੱਜਟ ਪਾਸ ਕੀਤਾ ਗਿਆ।ਇਸ ਮੌਕੇ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਵੱਖ-ਵੱਖ ਮਤਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਨਾਲ ਛੇੜ-ਛਾੜ ਕਰਕੇ ਛਾਪਣ ਦੀ ਨਿੰਦਾ, ਗੁਰਮੁੱਖੀ ਲਿਪੀ ਦਿਵਸ ਮਨਾਉਣ, ਅੰਮ੍ਰਿਤਸਰ ਤੋਂ ਸਿੱਧੀਆਂ ਉਡਾਣਾਂ ਸ਼ੁਰੂ ਕਰਨ, ਸ੍ਰੀ ਹਰਿਮੰਦਰ ਸਾਹਿਬ ਨੂੰ ਆਉਂਦੇ ਰਸਤੇ ਖੁੱਲ੍ਹੇ ਕਰਨ ਸਮੇਤ ਕਈਸਿੱਖ ਮਸਲਿਆਂ ਨੂੰ ਉਭਾਰਿਆ ਗਿਆ ਹੈ। ਅੱਜ ਦੇ ਇਜਲਾਸ ਪਿੱਛੋਂਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੇ ਆਖਿਆ ਕਿ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਿੱਚ ਮਿੱਠੂ ਸਿੰਘ ਕਾਹਨੇਕੇ ਅਤੇ ਸ਼੍ਰੋਮਣੀ ਕਮੇਟੀ ਦੇ ਹੋਰ ਮੈਂਬਰ ਜਾਣਬੁੱਝ ਕੇ ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਦੇ ਹਨ ਅਤੇ ਉਨ੍ਹਾਂ ਨੇਬ-ਜਟ ਦੇ ਵੇਰਵੇ ਗਲਤ ਢੰਗ ਨਾਲ ਪੇਸ਼ ਕੀਤੇ ਹਨ। ਸ਼੍ਰੋਮਣੀ ਕਮੇਟੀ ਮੈਂਬਰ ਗੁਰ-ਚਰਨ ਸਿੰਘ ਗਰੇਵਾਲ ਤੇ ਰਾਜਿੰਦਰ ਸਿੰਘ ਮਹਿਤਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਹਥਿਆਉਣ ਦੀ ਸੋਚ ਨਾਲ ਇਸ ਵਿਰੁੱਧ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਤੱਥਾਂ ਨੂੰ ਤੋੜ-ਮਰੋੜ ਕੇ ਪ੍ਰਚਾਰਿਆ ਜਾ ਰਿਹਾ ਹੈ।



ਇਸ ਦੌਰਾਨ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵੱਢ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਇਤਿਹਾਸਕ ਗੁਰੂ ਘਰਾਂ ਦੀਆਂ ਜ਼ਮੀਨਾਂ ਉੱਤੇ ਕਿਸੇ ਰਾਜਸੀ ਵਿਅਕਤੀ ਦਾ ਕਬਜ਼ਾ ਨਹੀਂ, ਸਗੋਂ ਸ਼੍ਰੋਮਣੀ ਕਮੇਟੀ ਨੇ ਕਾਬਜ਼ ਲੋਕਾਂ ਤੋਂ ਜ਼ਮੀਨਾਂ ਛੁਡਵਾਈਆਂ ਹਨ। ਉਨ੍ਹਾਂ ਕਿਹਾ ਕਿ ਮਿੱਠੂ ਸਿੰਘ ਕਾਹ-ਨੇਕੇ ਵੱਲੋਂ ਲਾਇਆ ਦੋਸ਼ ਕਿ ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ ਦੱਬੀਆਂ ਹੋਈਆਂ ਹਨ, ਗਲਤ ਹੈ, ਕੁਝ ਗੁਰੂ ਘਰਾਂ ਦੀਆਂ ਲੋਕਲ ਕਮੇਟੀਆਂ ਨੇ ਆਪਣੇ ਪ੍ਰਬੰਧ ਸਮੇਂ ਮੁਜ਼ਾਰਿਆਂ ਨੂੰ ਜ਼ਮੀਨਾਂ ਦਿੱਤੀਆਂ ਸਨ, ਪਰ ਇਨ੍ਹਾਂ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਆਉਣ ਉੱਤੇ ਇਨ੍ਹਾਂ ਜ਼ਮੀਨਾਂ ਤੋਂ ਕਬਜ਼ੇ ਛੁਡਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਲੋਕਲ ਕਮੇਟੀਆਂ ਦੇ ਸਮੇਂ ਨਾਲ ਅੱਜ ਇਨ੍ਹਾਂ ਜ਼ਮੀਨਾਂ ਦੀ ਆਮਦਨ ਤਕਰੀਬਨ 1100 ਫੀਸਦੀ ਵਧੀ ਹੈ।

ਗੁਰਬਾਣੀ ਨਾਲ ਛੇੜ-ਛਾੜ ਕਰਕੇ ਛਾਪਣ ਤੇ ਵੈੱਬਸਾਈਟਾਂ ਉੱਤੇ ਅਪਲੋਡ ਕਰਨ ਦੀ ਨਿੰਦਾ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਅੱਜ ਦੇ ਇਜਲਾਸ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਸ ਬਾਰੇ ਸਖ਼ਤ ਕਾਰਵਾਈ ਕਰਨ ਨੂੰ ਕਿਹਾ ਤੇਵੱਖ-ਵੱਖ ਮੋਬਾਈਲ ਐਪਸ ਅਤੇ ਵੈੱਬਸਾਈਟਾਂ ਉੱਤੇ ਆਪਣੀ ਮਰਜ਼ੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਵੱਖ-ਵੱਖ ਪਾਵਨ ਬਾਣੀਆਂ ਅਪਲੋਡ ਕਰਨਦਾ ਇਤਰਾਜ਼ ਕਰ ਕੇ ਇਸ ਬਾਰੇ ਸ੍ਰੀ ਅਕਾਲ ਤਖ਼ਤ ਨੂੰ ਹੁਕਮ ਜਾਰੀ ਕਰਨ ਦੀ ਬੇਨਤੀ ਕੀਤੀ ਹੈ। ਇਸ ਮੌਕੇ ਪਾਸ ਕੀਤੇ ਇੱਕ ਮਤੇ ਵਿਚ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਏਅਰਪੋਰਟ ਅੰਮ੍ਰਿਤਸਰ ਤੋਂ ਵੱਖ-ਵੱਖ ਦੇਸ਼ਾਂ ਨੂੰ ਸਿੱਧੀਆਂ ਉਡਾਣਾਂ ਵਧਾਉਣ ਦੀ ਮੰਗ ਕਰ ਕੇ ਕਿਹਾ ਗਿਆ ਕਿ ਵਿਦੇਸ਼ਾਂ ਵਿਚਲੇ 50 ਲੱਖ ਦੇ ਕਰੀਬ ਸਿੱਖਾਂ ਨੂੰ ਪੰਜਾਬ ਤੋਂ ਸਿੱਧੀਆਂ ਉਡਾਣਾਂ ਨਾ ਹੋਣਕ-ਾਰਨ ਪ੍ਰੇਸ਼ਾਨੀ ਹੁੰਦੀ ਹੈ। ਇਸ ਬਾਰੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਉਹ ਸੰਜੀਦਾ ਪਹੁੰਚ ਧਾਰਨ ਕਰ ਕੇ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਯੂਰਪੀ ਦੇਸ਼ਾਂ, ਨਿਊਜ਼ੀਲੈਂਡ ਨੂੰ ਸਿੱਧੀਆਂ ਉਡਾਣਾਂ ਚਾਲੂ ਕਰਾਵੇ।ਇਕ ਹੋਰ ਮਤੇ ਰਾਹੀਂ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦੇ ਖੁੱਲ੍ਹੇ ਲਾਂਘੇ ਰਾਹੀਂ ਜਾਂਦੇ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਖ਼ਤਮ ਕਰਨ ਦੀ ਮੰਗ ਕੀਤੀ ਗਈ ਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਉਹ ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਨੂੰ ਸਿੱਖ 'ਵਿਰਾਸਤੀ ਸ਼ਹਿਰ' ਵਜੋਂ ਵਿਕਸਤ ਕਰੇ।

ਜਨਰਲ ਇਜਲਾਸ ਸਮੇਂ ਪਾਸ ਕੀਤੇ ਇਕ ਮਤੇ ਰਾਹੀਂ ਸ਼੍ਰੋਮਣੀ ਕਮੇਟੀ ਦੇ ਖਿਲਾਫ ਪ੍ਰਚਾਰ ਕਰਨ ਵਾਲੇ ਲੋਕਾਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰ ਕੇ ਕਿਹਾ ਗਿਆ ਕਿ ਕੁਝ ਲੋਕ ਜਾਣਬੁਝ ਕੇ ਸ਼੍ਰੋਮਣੀ ਕਮੇਟੀ ਦਾ ਅਕਸ ਖਰਾਬ ਕਰਦੇ ਹਨ।ਸ਼੍ਰੋਮਣੀ ਕਮੇਟੀ ਨੇ ਸਾਫ ਕਿਹਾ ਕਿ ਕਮੇਟੀ ਦੇ ਟਰੱਸਟ ਸ਼੍ਰੋਮਣੀ ਕਮੇਟੀ ਦੀ ਜਾਇਦਾਦ ਹਨ ਤੇ ਇਨ੍ਹਾਂ ਦੇ ਚੇਅਰਮੈਨ ਸ਼੍ਰੋਮਣੀ ਕਮੇਟੀ ਪ੍ਰਧਾਨਹਨ ਅਤੇ ਪ੍ਰਬੰਧਕੀ ਜ਼ਿੰਮੇਵਾਰੀਆਂ ਸ਼੍ਰੋਮਣੀ ਕਮੇਟੀ ਦੇ ਸੈਕਟਰੀ ਕੋਲ ਹਨ। ਇੱਕ ਹੋਰ ਮਤੇ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁ-ਆਰਾ ਗਿਆਨ ਗੋਦੜੀ ਹਰਿ ਕੀ ਪਾਉੜੀ ਹਰਿਦੁਆਰ, ਗੁਰਦੁਆਰਾ ਗੁਰੂ ਡਾਂਗਮਾਰ ਅਤੇ ਚੁੰਗਥਾਂਗ ਸਿੱਖਮ, ਗੁਰਦੁਆਰਾ ਬਾਵਲੀ ਮੱਠ, ਮੰਗੂ ਮੱਠ ਅਤੇ ਪੰਜਾਬੀ ਮੱਠ ਜਗਨਨਾਥਪੁਰੀ ਦੇ ਮਸਲੇ ਹੱਲ ਕਰਨ ਲਈ ਵੀ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ।

## ਡਰੋਨ ਉਡਾ ਕੇ ਸੁਰੱਖਿਆ ਨੂੰ ਦਾਅ ਉਤੇ ਲਾਉਣ ਦੇ ਦੋਸ਼

ਅੰਮ੍ਰਿਤਸਰ, 30 ਮਾਰਚ (ਪੋਸਟ ਬਿਊਰੋ)- ਭਾਰਤ-ਪਾਕਿਸਤਾਨ ਦੀ ਅਟਾਰੀ ਵਾਹਗਾ ਸਰਹੱਦ ਵਿਖੇ ਭਾਰਤੀ ਖੇਤਰ ਵਿੱਚ ਬੀ ਐਸ ਐਫ ਨੇ ਦਿਨ ਦਿਹਾੜੇ ਵੱਖ-ਵੱਖ ਤਰ੍ਹਾਂ ਦੇ ਡਰੋਨ ਉਡਾ ਕੇ ਸੁਰੱਖਿਆ ਨੂੰ ਸੰਨ੍ਹ ਲਾਈ ਹੈ। ਵਰਨਣ ਯੋਗ ਹੈ ਕਿ ਬੀ ਐਸ ਐਫ ਨੇ ਮੈਰਾਥਨ ਦੌੜ ਕਰਵਾਈ ਸੀ ਜਿਸ ਦਾ ਇਨਾਮ ਵੰਡ ਸਮਾਰੋਹ ਅਟਾਰੀ ਸਰਹੱਦ ਉੱਤੇ ਰੱਖਿਆ ਸੀ ਜਿਸ ਵਿੱਚ ਮੁੱਖ ਮਹਿਮਾਨ ਬੀ ਐਸ ਐਫ ਦੇ ਡਾਇਰੈਕਟਰ ਜਨਰਲ ਪੰਕਜ ਕੁਮਾਰ ਸਿੰਘ ਦੀ ਅਗਵਾਈ ਵਿਚ ਇੱਥੇ ਪ੍ਰੋਗਰਾਮ ਕਰਵਾਇਆ ਸੀ, ਜਿਸ ਵਿੱਚ ਫਿਲਮ ਕਲਾਕਾਰ ਨਾਨਾ ਪਾਟੇਕਰ ਮੌਜੂਦ ਸਨ। ਜਾਣਕਾਰ ਸੂਤਰਾਂ ਮੁਤਾਬਕ ਭਾਰਤ-ਪਾਕਿਸਤਾਨ ਜਾਂ ਕਿਸੇ ਵੀ ਦੇਸ਼ ਦੀ ਸਰਹੱਦ ਉੱਤੇ ਡਰੋਨ ਨਾਲ ਕਵਰੇਜ ਜਾਂ ਵੀਡੀਓਗਰਾਫੀ ਕਰਨੀ ਹੋਵੇ ਤਾਂ ਦੂਸਰੇ ਦੇਸ਼ ਨੂੰ ਦੱਸਣਾ ਪੈਂਦਾ ਹੈ। ਬੀ ਐਸ ਐਫ ਵੱਲੋਂ ਜਾਣਕਾਰੀ ਨਾ ਦੇਣ ਕਾਰਨ ਉਡਾਏ ਗਏ ਡਰੋਨਾਂ ਦੀ ਵਾਹਗਾ ਸਰਹੱਦ ਉੱਤੇ ਡਿਊਟੀ ਉੱਤੇ ਤੈਨਾਤ ਪਾਕਿਸਤਾਨੀ ਰੇਂਜਰਾਂ ਦੇ ਅਧਿਕਾਰੀਆਂ, ਜਵਾਨਾਂ ਨੇ ਵੀਡੀਓਗਰਾਫੀ ਤੇ ਫੋਟੋਗਰਾਫੀ ਵੀ ਕੀਤੀ।ਉਡਦੇ ਡਰੋਨਾਂ ਸਬੰਧੀ ਜਾਣਕਾਰੀ ਦੇਣ ਲਈ ਬੀ ਐਸ ਐਫ ਨੇ ਸਹਾਇਕ ਕਮਾਂਡੈਂਟ ਅਧਿਕਾਰੀ ਹਰਿੰਦਰ ਸਿੰਘ ਨੂੰ ਨਿਯੁਕਤ ਕੀਤਾ ਸੀ। ਸਹਾਇਕ ਕਮਾਂਡੈਂਟ ਦਾ ਵਤੀਰਾ ਇਹੋ ਜਿਹਾ ਸੀ ਕਿ ਸਾਰੇ ਦੇਸ਼ ਭਰ ਤੋਂ ਆਏ ਸੈਲਾਨੀਆਂ ਤੇ ਕਵਰੇਜ਼ ਕਰਨ ਆਏ ਵੱਖ-ਵੱਖ ਪੱਤਰਕਾਰਾਂ ਨੇ ਉਸ ਉਤੇ ਤੂੰ-ਤੂੰ, ਮੈਂ-ਮੈਂ ਕਰਨ ਦੇ ਦੋਸ਼ ਲਾਏ ਸਨ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
● ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
● ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
● ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
● ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਬਾਦਲਾਂ ਨੂੰ ਦਿੱਲੀ ਦਾ ਸਰਕਾਰੀ ਬੰਗਲਾ ਵੀ ਖ਼ਾਲੀ ਕਰਨਾ ਪਵੇਗਾ

ਚੰਡੀਗੜ੍ਹ, 30 ਮਾਰਚ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਦਿੱਲੀ ਵਿੱਚ ਸਾਰੇ ਅਣਅਧਿਕਾਰਤ ਸਰਕਾਰੀ ਬੰਗਲਿਆਂ ਨੂੰ ਖ਼ਾਲੀ ਕਰਵਾਉਣ ਦੇ ਫ਼ੈਸਲੇ ਉੱਤੇ ਚੱਲਦੀ ਮੁਹਿੰਮ ਅਧੀਨ ਦਿੱਲੀ ਵਿਖੇ ਸਫ਼ਦਰਜੰਗ ਰੋਡ ਉੱਤੇ ਬਾਦਲ ਪਰਵਾਰ ਨੂੰ ਪਿਛਲੇ ਕੋਈ 25 ਸਾਲਾਂ ਤੋਂ ਅਲਾਟ ਸਰਕਾਰੀ ਬੰਗਲਾਖ਼ਾਲੀ ਕਰਨਾ ਪੈਣਾ ਹੈ।

ਮਿਲੀ ਜਾਣਕਾਰੀ ਅਨੁਸਾਰ ਟਾਈਪ-8 ਦਾ ਇਹ ਬੰਗਲਾ ਦੋ ਏਕੜ ਤੋਂ ਵੱਧ ਜਗ੍ਹਾ ਵਿੱਚ ਬਣਿਆ ਹੋਇਆ ਹੈ ਤੇਜਿਸ ਨੂੰ ਬਾਦਲ ਪਰਵਾਰ ਨੇ ਪਿਛਲੇ10 ਸਾਲਾਂ ਵਿੱਚ ਆਪਣੀਆਂ ਲੋੜਾਂ ਅਨੁਸਾਰ ਕਾਫ਼ੀ ਵਿਕਸਤ ਕਰ ਲਿਆ ਹੈ। ਕੇਂਦਰ ਸਰਕਾਰ ਨੇਪਿਛਲੇਦਿਨੀਂ ਕਾਂਗਰਸ ਦੀ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਸਮੇਤ ਸੀਨੀਅਰ ਆਗੂਆਂ ਅਤੇ ਪਾਰਲੀਮੈਂਟ ਮੈਂਬਰਾਂ ਤੋਂ ਅਣਅਧਿਕਾਰਤ ਰਿਹਾਇਸ਼ਾਂ ਖਾਲੀ ਕਰਵਾਈਆਂ ਹਨ ਅਤੇ ਅੱਗੋਂ ਬਾਦਲਾਂ ਸਮੇਤ ਕੋਈ ਇੱਕ ਦਰਜਨ ਹੋਰ ਅਲਾਟੀਆਂ ਨੂੰ ਲਿਖਿਆ ਹੈ ਕਿ ਉਹ ਨਿਯਮਾਂ ਅਨੁਸਾਰ ਅਲਾਟ ਹੋਣ ਵਾਲੀ ਸਰਕਾਰੀ ਰਿਹਾਇਸ਼ ਵਿੱਚ ਚਲੇ ਜਾਣ ਅਤੇ ਮੌਜੂਦਾ ਅਣਅਧਿਕਾਰਤ ਰਿਹਾਇਸ਼ਾਂ ਖ਼ਾਲੀ ਕਰ ਦੇਣ।

ਵਰਨਣ ਯੋਗ ਹੈ ਕਿ ਹਰਸਿਮ-ਰਤ ਕੌਰ ਬਾਦਲ ਵੱਲੋਂ ਕੇਂਦਰੀ ਵਜ਼ੀਰੀ ਤੋਂ ਅਸਤੀਫ਼ਾ ਦੇਣ ਪਿੱਛੋਂ ਇਹ ਰਿਹਾਇਸ਼ ਅਣਅਧਿਕਾਰਤ ਹੋ ਗਈ ਸੀ, ਕਿਉਂਕਿ ਵੱਡੇ ਬੰਗਲੇ ਕੇਵਲ ਕੈਬਨਿਟ ਮੰਤਰੀਆਂ ਲਈ ਹਨ ਅਤੇ ਹਰਸਿਮਰਨ ਅਸਤੀਫ਼ਾ ਦੇਣ ਪਿੱਛੋਂ ਕੇਵਲ ਐਮ ਪੀ ਰਹਿ ਗਈ ਹੈ। ਇਹ ਵੀ ਪਤਾ ਲੱਗਾ ਹੈ ਕਿ ਕਈ ਆਗੂ ਸਰਕਾਰ ਦੀ ਨੀਤੀ ਵਿਰੁੱਧ ਅਦਾਲਤ ਵਿੱਚ ਜਾ ਰਹੇ ਹਨ, ਲੇਕਿਨ ਹਰਸਿਮਰਤ ਕੌਰ ਨੇ ਆਪਣੇ ਤੌਰ ਉੱਤੇ ਹੀ ਸਰਕਾਰੀ ਰਿਹਾਇਸ਼ ਵਿੱਚ ਜਾਣ ਦੀ ਰਜ਼ਾਮੰਦੀ ਦੇ ਦਿੱਤੀ ਹੈ। ਹਰਸਿਮਰਤ ਕੌਰ ਅਤੇ ਸੁਖਬੀਰ ਸਿੰਘ ਬਾਦਲ ਦੋਵੇਂ ਲੋਕ ਸਭਾ ਮੈਂਬਰ ਹਨ, ਪ੍ਰੰਤੂ ਉਹ ਸਰਕਾਰ ਕੋਲੋਂ ਦੋ ਸਰਕਾਰੀ ਰਿਹਾਇਸ਼ਾਂ ਲੈਣਗੇ ਜਾਂ ਪਹਿਲਾਂ ਵਾਂਗ ਇੱਕ ਸਰਕਾਰੀ ਰਿਹਾਇਸ਼ ਰੱਖਣਗੇ ਇਹ ਵੇਖਣਾ ਪਵੇਗਾ। ਪਾਰਲੀਮੈਂਟ ਦੇ 2-3 ਵਾਰ ਮੈਂਬਰ ਰਹਿਣ ਵਾਲੇ ਐਮ ਪੀ 6 ਜਾਂ 7 ਟਾਈਪ ਦੀ ਸਰਕਾਰੀ ਰਿਹਾਇਸ਼ ਰੱਖਣ ਦਾ ਅਧਿਕਾਰ ਰੱਖਦੇ ਹਨ ਅਤੇ ਅਜਿਹੇ ਘਰ ਤਕਰੀਬਨ ਦੋ ਕਨਾਲ ਖੇਤਰ ਵਿੱਚ ਬਣੇ ਹੁੰਦੇ ਹਨ। ਬਾਦਲ ਪਰਵਾਰ ਦਾ ਚੰਡੀਗੜ੍ਹ ਦੇ ਸੈਕਟਰ-9 ਵਿਖੇ ਪੁਰਾਣਾ ਘਰ ਜੋ ਉਸਾਰੀ ਅਧੀਨ ਸੀ ਉਹ ਵੀ ਬਣ ਕੇ ਤਿਆਰ ਹੋ ਗਿਆ ਹੈ, ਇਸ ਲਈ ਸੁਖਬੀਰ ਸਿੰਘ ਬਾਦਲ ਆਪਣੀ ਰਿਹਾਇਸ਼ ਚੰਡੀਗੜ੍ਹ ਵਿਖੇ ਵੀ ਰੱਖ ਸਕਦੇ ਹਨ।

# ਪਟਾਕੇ ਵਾਲੇ ਸਾਈਲੈਂਸਰ ਲਾਉਣ ਵਾਲੇ ਦੁਕਾਨਦਾਰਾਂ ਨੂੰ 20 ਦਿਨਾਂ ਦੀ ਚਿਤਾਵਨੀ

ਜਲੰਧਰ, 30 ਮਾਰਚ (ਪੋਸਟ ਬਿਊਰੋ)- ਹਰ ਵਾਰ ਦੀ ਤਰ੍ਹਾਂ ਕੱਲ੍ਹ ਫਿਰ ਟਰੈਫ਼ਿਕ ਪੁਲਸ ਨੇ ਬੁਲੇਟ ਮੋਟਰਸਾਈਕਲਾਂ ਦੇ ਪਟਾਕੇ ਵਾਲੇ ਸਾਈਲੈਂਸਰ ਵੇਚਣ ਵਾਲੇ ਦੁਕਾਨਦਾਰਾਂ ਤੇ ਮਕੈਨਿਕਾਂ ਦੀ ਮੀਟਿੰਗ ਸੱਦੀ, ਪਰ ਇਸ ਵਾਰ ਟਰੈਫਿਕ ਪੁਲਸ ਨੇ ਦੁਕਾਨਦਾਰਾਂ ਨੂੰ 20 ਦਿਨਾਂ ਦਾ ਸਮਾਂ ਦਿੱਤਾ ਹੈ, ਉਹ ਇਨ੍ਹਾਂ ਦਿਨਾਂ ਅੰਦਰ ਜਿੰਨੇ ਸਾਈਲੈਂਸਰ ਉਨ੍ਹਾਂ ਕੋਲਹਨ, ਉਨ੍ਹਾਂ ਨੂੰ ਕੰਪਨੀਆਂ ਨੂੰ ਵਾਪਸ ਭੇਜ ਦੇਣ, ਨਹੀਂ ਤਾਂ 21ਵੇਂ ਦਿਨ ਟਰੈਫਿਕ ਪੁਲਸ ਉਕਤ ਸਾਈਲੈਂਸਰ ਵੇਚਣ ਵਾਲਿਆਂ ਤੇ ਫਿੱਟ ਕਰਨ ਵਾਲੇ ਮਕੈਨਿਕਾਂ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਏਗੀ।

ਇਸ ਤੋਂ ਪਹਿਲਾਂ ਵੀ ਟਰੈਫਿਕ ਪੁਲਸ ਨੇ ਅਜਿਹੀਆਂ ਕਈ ਮੀਟਿੰਗਾਂ ਬੁਲਾਈਆਂ ਪਰ ਉਨ੍ਹਾਂ ਦਾ ਨਤੀਜ਼ਾ ਸਿਫਰ ਨਿਕਲਿਆ। ਇਸ ਵਾਰੀ ਕਿਹਾ ਜਾ ਰਿਹਾ ਹੈ ਕਿ ਪੁਲਸ ਨੂੰ ਲਾਅ ਐਂਡ ਆਰਡਰ ਮੇਨਟੇਨ ਰੱਖਣ ਲਈ ਫ੍ਰੀ ਹੈਂਡ ਦੇ ਦਿੱਤੇ ਗਏ ਹਨ। ਦੁਕਾਨਦਾਰਾਂ ਨੇ ਟਰੈਫਿਕ ਪੁਲਸ ਨੂੰ ਭਰੋਸਾ ਦਿੱਤਾ ਕਿ ਉਹ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨਗੇ।ਮੀਟਿੰਗ ਤੋਂ ਬਾਅਦ ਕੁਝ ਮਕੈਨਿਕਾਂ ਨੇ ਟਰੈਫਿਕ ਪੁਲਸ ਨੂੰ ਜ਼ਮੀਨੀ ਸੱਚਾਈ ਦੱਸੀ ਕਿ ਕੁਝ ਦੁਕਾਨਦਾਰਾਂ ਨੇ ਦੁਕਾਨਾਂ ਦੇ ਬਾਹਰ ਬਾਹਰਲੇ ਸੂਬਿਆਂ ਦੇ ਮਕੈਨਿਕ ਬਿਠਾਏ ਹੋਏ ਹਨ। ਜੇ ਉਹ ਦੁਕਾਨਦਾਰਾਂ ਨੂੰ ਪਟਾਕੇ ਵਾਲਾ ਸਾਈਲੈਂਸਰ ਫਿਟ ਕਰਨ ਤੋਂ ਮਨ੍ਹਾ ਕਰਦੇ ਹਨ ਤਾਂ ਉਹ ਉਨ੍ਹਾਂ ਮਕੈਨਿਕਾਂ ਤੋਂ ਕੰਮ ਕਰਵਾਉਂਦੇ ਹਨ। ਇਸਦਾ ਕਾਰਨ ਇਹ ਹੈ ਕਿ ਹਰ ਸਾਈਲੈਂਸਰ ਵਿੱਚੋਂ ਦੁਕਾਨਦਾਰਾਂ ਨੂੰ ਚੰਗੇ ਪੈਸੇ ਬਚਦੇ ਹਨ, ਜਿਸ ਕਾਰਨ ਉਹ ਇਹ ਕੰਮ ਸ਼ੁਰੇਆਮ ਕਰ ਰਹੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer Marketing:** | Aman Warraich **Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਸੰਤ ਸਮਾਗਮ

ਪਿੰਡ ਚੀਮਨਾ ਦੇ ਸਮੂਹ ਨਗਰ ਅਤੇ ਇਲਾਕਾ ਨਿਵਾਸੀਆਂ ਵਲੋਂ ਸੰਤ ਬਾਬਾ ਸੰਤ ਰਾਮ ਜੀ ਦੀ ਸਾਲਾਨਾ ਬਰਸੀ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਆਉਣ ਵਾਲੀ 15 ਅਪ੍ਰੈਲ ਤੋਂ 17 ਅਪ੍ਰੈਲ ਨੂੰ ਸ੍ਰੀ ਗੁਰੂ ਨਾਨਕ ਸਿੱਖ ਸੈਂਟਰ, 99 ਗਲੀਡਨ ਰੋਡ, ਬਰੈਂਪਟਨ ਵਿਖੇ ਮਨਾਈ ਜਾ ਰਹੀ ਹੈ। ਸਮੂਹ ਸੰਗਤ ਅਤੇ ਇਲਾਕਾ ਨਿਵਾਸੀਆਂ ਨੂੰ ਸਨਿਮਰ ਬੇਨਤੀ ਹੈ ਕਿ ਸਮਾਗਮ ਵਿਚ ਹਾਜਰ ਹੋਕੇ ਲਾਹਾ ਲੈਣ ਅਤੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ ਦਾ ਵੇਰਵਾ ਇਸ ਪ੍ਰਕਾਰ ਹੈ:

ਮਿਤੀ 15 ਅਪ੍ਰੈਲ, 2022 ਦਿਨ ਸ਼ੁਕਰਵਾਰ ਸਵੇਰੇ 9 ਵਜੇ : ਆਰੰਭ ਸ੍ਰੀ ਆਖੰਡ ਪਾਠ ਸਾਹਿਬ ਮਿਤੀ 17 ਅਪ੍ਰੈਲ, 2022 ਦਿਨ ਐਤਵਾਰ ਸਵੇਰੇ 10 ਵਜੇ: ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ, ਕਥਾ ਅਤੇ ਢਾਡੀ ਦਰਬਾਰ ਹੋਵੇਗਾ ਜੀ।

(ਗੁਰੂ ਕਾ ਲੰਗਰ ਅਤੁਟ ਵਰਤੇਗਾ ਜੀ)

ਵਧੇਰੇ ਜਾਣਕਾਰੀ ਲਈ ਫੋਨ ਕਰ ਸਕਦੇ ਹੋ ਜੀ:

ਮੁਹਿੰਦਰ ਸਿੰਘ ਗਰੇਵਾਲ : 416 568 6259
ਰਮਨ ਗਿਲ : 647 295 1407
ਦਵਿੰਦਰ ਸਿੰਘ ਢਿਲੋਂ 647 939 6136
ਪਰਮਜੀਤ ਸਿੱਧੂ : 416 896 2390

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ


ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਆਨਲਾਈਨ ਕਿਤਾਬਾਂ



ਪਹਿਲਾਂ ਉਸ ਛੋਟੇ ਜਿਹੇ ਬਾਜ਼ਾਰ ਵਿੱਚ ਦਸ-ਬਾਰਾਂ ਕਿਤਾਬਾਂ ਦੀ ਅਲਮਾਰੀ ਹੁੰਦੀ ਸੀ। ਹੁਣ ਸਿਰਫ਼ ਇੱਕ ਕਿਤਾਬ ਵਿਕਰੇਤਾ ਬਚਿਆ ਹੈ-ਲੱਲੂ। ਇਹ ਉਸਦਾ ਨਿੱਜੀ ਕਾਰੋਬਾਰ ਹੈ। ਇਸ ਦੇ ਨਾਲ ਸਟੇਸ਼ਨਰੀ ਦਾ ਡੱਬਾ ਵੀ ਲੱਗਾ ਹੋਇਆ ਹੈ। ਰੰਜਨ ਪੈੱਨ ਦਾ ਪੁਰਾਣਾ ਬੋਰਡ ਅੱਜ ਵੀ ਉਥੇ ਲਟਕਿਆ ਹੋਇਆ ਹੈ। ਕਲਮ ਨੇ ਵੀ ਕਈ ਰੂਪ ਬਦਲੇ ਹਨ। ਸ਼ੁਰੂ ਵਿਚ ਉਹ 'ਡੰਕ' ਨਾਲ ਲਿਖਦਾ ਸੀ। ਸਿਆਹੀ ਲਈ ਮੇਜ਼ ਵਿੱਚ ਗੋਲ ਖੁਰਲੀਆਂ ਸਨ। ਡੰਕ ਆਪਣਾ ਰੂਪ ਬਦਲ ਕੇ ਕਲਮ ਬਣ ਗਿਆ।

ਅਕਸਰ ਇਹ ਪੈੱਨ ਗਰਮੀਆਂ ਦੇ ਦਿਨਾਂ ਵਿੱਚ ਟਰਾਊਜ਼ਰ ਨੂੰ ਖਰਾਬ ਕਰ ਦਿੰਦੇ ਸਨ। ਡਾਟਪੇਨ ਨੇ ਇਸ ਸਮੱਸਿਆ ਤੋਂ ਛੁਟਕਾਰਾ ਪਾਇਆ ਹੈ। ਯਾਨੀ ਰੀਫਿਲ ਪੈੱਨ। ਵੱਖਰੇ ਤੌਰ 'ਤੇ, ਸਿਆਹੀ ਦੀ ਪਰੇਸ਼ਾਨੀ ਖਤਮ ਹੋ ਗਈ. ਅੱਜਕੱਲ੍ਹ ਬਹੁਤ ਸਾਰੇ ਬ੍ਰਾਂਡਾਂ ਵਿੱਚ ਜਾਫੀ ਪੈਨ ਆਉਂਦੇ ਹਨ। ਹੁਣ ਮੰਡੀ ਦਾ ਸਰੂਪ ਬਦਲ ਗਿਆ ਹੈ। ਪਹਿਲਾਂ ਇੱਥੇ ਛੋਟੀਆਂ-ਛੋਟੀਆਂ ਝੁੱਗੀਆਂ ਹੁੰਦੀਆਂ ਸਨ ਪਰ ਹੁਣ ਇੱਥੇ ਕੰਕਰੀਟ ਦੀਆਂ ਦੁਕਾਨਾਂ ਬਣ ਗਈਆਂ ਹਨ। ਪਰ ਹੁਣ ਵੀ ਉਹ ਪੁਸਤਕ ਵਿਕਰੇਤਾ ਅਤੇ ਰੰਜਨ ਕਲਮ ਵਾਲਾ ਹੀ ਬਣਿਆ ਹੋਇਆ ਹੈ।

ਗੱਲ ਇਹ ਹੈ ਕਿ ਹੋਰ ਦੁਕਾਨਾਂ ਦਾ ਨਕਸ਼ਾ ਹੀ ਬਦਲ ਗਿਆ ਹੈ। ਪੰਨਵਾਲੇ ਦੀ ਦੁਕਾਨ ਨੇ ਮੋਬਾਈਲ ਸ਼ੋਅਰੂਮ ਦਾ ਰੂਪ ਧਾਰਨ ਕਰ ਲਿਆ ਹੈ। ਕੰਪਿਊਟਰ ਅਤੇ ਫੋਟੋਕਾਪੀਅਰ ਮਸ਼ੀਨਾਂ ਹੋਰ ਦੁਕਾਨਾਂ 'ਤੇ ਲੱਗਣ ਲੱਗ ਪਈਆਂ ਹਨ। ਜਿਨ੍ਹਾਂ ਨੇ ਆਪਣੀ ਜਵਾਨੀ ਪਾਨ-ਬੀੜੀਆਂ ਵੇਚਣ ਵਿੱਚ ਗੁਜ਼ਾਰੀ, ਉਹ ਹੁਣ ਬੁਢਾਪੇ ਵਿੱਚ ਮੋਬਾਈਲ ਵੇਚ ਰਹੇ ਹਨ। ਪਰ ਰੰਜਨ ਪੈੱਨ ਵਾਲਾ ਬੋਰਡ ਅਜੇ ਵੀ ਸਟੇਸ਼ਨਰੀ ਦੀ ਦੁਕਾਨ 'ਤੇ ਲੱਗਿਆ ਹੋਇਆ ਹੈ। ਇਸੇ ਤਰ੍ਹਾਂ ਲੱਲੂ ਟੈਕਸਟ ਬੁੱਕ ਅਤੇ ਮੈਗਜ਼ੀਨ ਵੇਚ ਰਿਹਾ ਹੈ। ਉਹ ਸਮੇਂ ਦੇ ਨਾਲ ਨਹੀਂ ਬਦਲਿਆ। ਉਂਜ ਅੱਜਕੱਲ੍ਹ ਰਸਾਲੇ ਅਤੇ ਪੁਸਤਕਾਂ ਦੇ ਖਰੀਦਦਾਰ ਉਂਗਲਾਂ 'ਤੇ ਗਿਣੇ ਜਾ ਸਕਦੇ ਹਨ। ਅਜਿਹੇ 'ਚ ਖਿਆਲ ਆਉਂਦਾ ਹੈ ਕਿ ਉਹ ਆਪਣਾ ਗੁਜ਼ਾਰਾ ਕਿਵੇਂ ਚਲਾਵੇਗਾ?

ਮੈਂ ਇੱਕ ਦਿਨ ਉਸਨੂੰ ਇਹੀ ਸਵਾਲ ਪੁੱਛਿਆ। ਉਸ ਸਮੇਂ ਉਨ੍ਹਾਂ ਦੀ ਦੁਕਾਨ 'ਤੇ ਇਕ ਮਸ਼ਹੂਰ ਮੈਗਜ਼ੀਨ ਪਹੁੰਚਿਆ ਹੋਇਆ ਸੀ। ਮੈਂ ਆਮ ਤੌਰ 'ਤੇ ਹਰ ਮਹੀਨੇ ਦੀ 5 ਤਰੀਕ ਤੋਂ ਬਾਅਦ ਹੀ ਉਸ ਦੇ ਘਰ ਜਾਂਦਾ ਹਾਂ। ਉਸ ਮੈਗਜ਼ੀਨ ਦੀ ਕੀਮਤ ਅਦਾ ਕੀਤੀ, ਤਾਂ ਉਹ ਹੱਸ ਕੇ ਬੋਲਿਆ - ਬਾਬੂ ਜੀ, ਤੁਸੀਂ ਮੇਰੇ ਪੁਰਾਣੇ ਗਾਹਕ ਹੋ, ਇਸ ਲਈ ਹੁਣ ਤੋਂ ਮੈਂ ਤੁਹਾਨੂੰ ਪੰਜ ਪ੍ਰਤੀਸ਼ਤ ਦੀ ਛੋਟ ਦੇ ਰਿਹਾ ਹਾਂ। ਕਿਉਂਕਿ ਮੈਨੂੰ ਲਗਦਾ ਹੈ ਕਿ ਤੁਸੀਂ ਇਸ ਸ਼ਹਿਰ ਵਿਚ ਇਕੱਲੇ ਵਿਅਕਤੀ ਹੋ ਜੋ ਸਾਹਿਤਕ ਕਿਤਾਬਾਂ ਖਰੀਦਦੇ ਹੋ. ਬਾਕੀ ਉਹ ਲੋਕ ਹਨ ਜੋ ਕਾਮੁਕਤਾ ਨਾਲ ਭਰੇ ਮੈਗਜ਼ੀਨ ਲੈ ਕੇ ਜਾਂਦੇ ਹਨ।

ਦਰਅਸਲ, ਮੇਰੀ ਦੁਕਾਨ ਉਨ੍ਹਾਂ ਰਸਾਲਿਆਂ ਕਾਰਨ ਚੱਲ ਰਹੀ ਹੈ। ਇਹ ਕਦੋਂ ਤੱਕ ਚੱਲੇਗਾ, ਇਹ ਨਹੀਂ ਕਿਹਾ ਜਾ ਸਕਦਾ। ਅੱਜ ਹਰ ਚੀਜ਼ ਇੰਟਰਨੈੱਟ 'ਤੇ ਉਪਲਬਧ ਹੈ।... ਹੈਰਾਨੀ! ਪਰ ਗੱਲ ਸਹੀ ਹੈ। ਮੇਰਾ ਇੱਕ ਦੋਸਤ ਨਾਲ ਵਾਲੀ ਦੁਕਾਨ ਵਿੱਚ ਰੰਜਨ ਪੈੱਨ ਦਾ ਬੋਰਡ ਦੇਖ ਕੇ ਅਕਸਰ ਕਹਿੰਦਾ ਹੈ ਕਿ ਮੈਂ ਲਿਖਣਾ ਭੁੱਲ ਗਿਆ ਹਾਂ। ਮੈਂ ਬੱਸ ਮੋਬਾਈਲ 'ਤੇ ਆਪਣੀਆਂ ਉਂਗਲਾਂ ਹਿਲਾ ਸਕਦਾ ਹਾਂ... ਅਤੇ ਇਹ ਸਿਆਹੀ ਪੈਨ ਵੇਚਣਾ ਵੀ ਹੈਰਾਨੀਜਨਕ ਹੈ, ਜੋ ਅੱਜ ਦੇ ਰੁਝਾਨ ਵਿੱਚ ਨਹੀਂ ਹਨ.

ਕਲਮ ਵਾਲੇ ਨੇ ਇਸ ਧੰਦੇ ਵਿੱਚ ਪੰਜਾਹ ਸਾਲ ਪੂਰੇ ਕਰ ਲਏ ਹਨ। ਪਹਿਲਾਂ ਉਸ ਦਾ ਪਿਤਾ ਵੇਚਦਾ ਸੀ, ਹੁਣ ਪੁੱਤਰ ਉਸ ਪਰੰਪਰਾ ਦਾ ਧਾਰਨੀ ਹੈ। ਕਈ ਵਾਰ ਕੋਈ ਬਜ਼ੁਰਗ ਆਪਣੀ ਦੁਕਾਨ ਤੋਂ ਪੈੱਨ ਖਰੀਦਦਾ ਨਜ਼ਰ ਆਉਂਦਾ ਹੈ। ਸਿਆਹੀ ਦੀਆਂ ਕਲਮਾਂ ਇੱਕ ਸ਼ੋਅਕੇਸ ਵਿੱਚ ਰੱਖਣ ਯੋਗ ਹਨ। ਇਸੇ ਤਰ੍ਹਾਂ ਪੁਸਤਕ ਵਿਕਰੇਤਾ ਕੋਲ ਪੁਰਾਣੀਆਂ ਪੁਸਤਕਾਂ ਦਾ ਢੇਰ ਲੱਗਾ ਹੋਇਆ ਹੈ, ਜਿਨ੍ਹਾਂ ਦੇ ਪੰਨੇ ਪੀਲੇ ਪੈ ਗਏ ਹਨ। ਪਰ ਉਹ ਕਿਸ ਧੁਨ ਵਿਚ ਦੁਕਾਨ ਚਲਾ ਰਿਹਾ ਹੈ, ਮੈਨੂੰ ਨਹੀਂ ਪਤਾ? ਕਈ ਵਾਰ ਮੈਨੂੰ ਇਹ ਵੀ ਲੱਗਦਾ ਹੈ ਕਿ ਮੈਂ ਹਰ ਮਹੀਨੇ ਪੰਜਾਹ ਰੁਪਏ ਦਾ ਬੇਲੋੜਾ ਖੂਨ ਵਹਾਉਂਦਾ ਹਾਂ। ਮੈਂ ਰਸਾਲੇ 'ਆਨਲਾਈਨ' ਪੜ੍ਹ ਸਕਦਾ ਹਾਂ ਨਾ ਕਿ ਛਪੇ ਰੂਪ ਵਿੱਚ। ਪਰ ਮੈਨੂੰ ਪ੍ਰਿੰਟ ਵਿੱਚ ਪੜ੍ਹਨਾ ਵਧੇਰੇ ਆਰਾਮਦਾਇਕ ਲੱਗਦਾ ਹੈ, ਭਾਵ 'ਆਫਲਾਈਨ' ਹੋਣਾ।

ਅਸਲ ਵਿੱਚ 'ਆਨਲਾਈਨ' ਹੋਣ ਨਾਲ ਨਾ ਤਾਂ ਹਾਸੇ ਨਾਲ ਹੱਸਿਆ ਜਾ ਸਕਦਾ ਹੈ ਅਤੇ ਨਾ ਹੀ ਕਿਤਾਬ ਪੜ੍ਹ ਕੇ ਰੋਇਆ ਜਾ ਸਕਦਾ ਹੈ। ਜਦੋਂ ਕਿ 'ਆਫਲਾਈਨ' ਵਿਚ ਵਾਈਬ੍ਰੇਂਸੀ ਹੈ।

ਇੱਕ ਦੂਜੇ ਦੇ ਦੋਸਤ। ਉਮਰ ਵਿੱਚ ਛੋਟੇ ਹਨ। ਉਸ ਨੇ ਆਪਣੇ ਕੰਮ ਵਾਲੀ ਥਾਂ 'ਤੇ ਦਿੱਤੇ ਕਮਰੇ ਦਾ ਨਕਸ਼ਾ ਬਦਲ ਦਿੱਤਾ ਹੈ। ਵੇਸਟ ਅਲਮਾਰੀਆਂ ਦਾ ਨਵੀਨੀਕਰਨ ਕੀਤਾ ਗਿਆ ਹੈ ਅਤੇ ਵੱਖ-ਵੱਖ ਵਿਸ਼ਿਆਂ ਦੀਆਂ ਕਿਤਾਬਾਂ ਨਾਲ ਸਜਾਇਆ ਗਿਆ ਹੈ। ਇੱਕ ਛੋਟੀ ਲਾਇਬ੍ਰੇਰੀ ਬਣਾਈ ਗਈ ਹੈ। ਕਿਤੇ ਫਿਜ਼ਿਕਸ ਦੀਆਂ ਕਿਤਾਬਾਂ ਹਨ, ਕਿਤੇ ਕੈਮਿਸਟਰੀ, ਕਿਤੇ ਗਣਿਤ ਦੀਆਂ।

ਕਿਹਾ ਜਾਂਦਾ ਹੈ ਕਿ ਮੈਂ ਕਿਤਾਬਾਂ 'ਆਨਲਾਈਨ' ਖਰੀਦਦਾ ਹਾਂ। ਅੱਜ ਆਨਲਾਈਨ ਕੋਚਿੰਗ ਸੰਸਥਾਵਾਂ ਅਤੇ ਵਪਾਰਕ ਕੰਪਨੀਆਂ ਨੇ ਬਹੁਤ ਸਾਰਾ ਮਾਲ ਲੁੱਟ ਲਿਆ ਹੈ। ਜਿਸ ਨੇ ਬਦਲਦੇ ਸਮੇਂ ਨੂੰ ਫੜਿਆ, ਉਹ ਅਮੀਰ ਹੈ, ਨਹੀਂ ਤਾਂ ਕਿਤਾਬ ਵੇਚਣ ਵਾਲੇ ਅਤੇ ਰੰਜਨ ਕਲਮ ਵਾਲਾ ਦੋਵੇਂ ਹੀ ਕਹਿੰਦੇ ਹਨ ਕਿ ਉਹ ਸਿਰਫ ਸਮਾਂ ਪਾਸ ਕਰਨ ਲਈ ਦੁਕਾਨ ਚਲਾ ਰਹੇ ਹਨ। ਚਾਹ-ਪਾਨ ਅਤੇ ਕਰਿਆਨੇ ਵੇਚਣ ਵਾਲਿਆਂ ਨੇ ਸਮੇਂ ਦੇ ਬੀਤਣ ਨਾਲ ਆਪਣਾ ਕਾਰੋਬਾਰ ਬਦਲ ਲਿਆ ਹੈ। ਉਹ ਖੁਸ਼ ਹਨ। ਸਕੂਲਾਂ ਕਾਲਜਾਂ ਦਾ ਵੀ ਇਹੀ ਹਾਲ ਹੈ।

ਜਿਹੜੀਆਂ ਜਮਾਤਾਂ ਪਹਿਲਾਂ ਵਿਦਿਆਰਥੀਆਂ ਨਾਲ ਖਚਾਖਚ ਭਰਦੀਆਂ ਸਨ, ਉੱਥੇ ਹੁਣ ਕੁਝ ਹੀ ਵਿਦਿਆਰਥੀ ਨਜ਼ਰ ਆਉਂਦੇ ਹਨ। ਸਵਾਲ ਪੈਦਾ ਹੁੰਦਾ ਹੈ ਕਿ ਅਜਿਹੇ ਸਮੇਂ ਵਿੱਚ ਮਾਸਟਰ ਤੇ ਪ੍ਰੋਫੈਸਰ ਦੀ ਕੀ ਲੋੜ ਹੈ? ਸਕੂਲ-ਕਾਲਜ ਦਾ ਮਕਸਦ ਕੀ ਹੈ? ਮੰਡੀ ਵਿੱਚ ਬੈਠੀ ਸੋਨੇ-ਚਾਂਦੀ ਦੀ ਮੱਖੀ ਮਾਰਦੀ ਨਜ਼ਰ ਆ ਰਹੀ ਹੈ। ਇਕ ਦਿਨ ਜਦੋਂ ਮੈਂ ਉਸ ਨੂੰ ਕਾਰਨ ਪੁੱਛਿਆ ਤਾਂ ਉਹ ਚਿੜਚਿੜਾ ਬੋਲਿਆ, ਸਾਰਾ ਕਾਰੋਬਾਰ 'ਆਨਲਾਈਨ' ਚੱਲ ਰਿਹਾ ਹੈ ਜਨਾਬ! ਅਸੀਂ ਇੱਥੇ ਸਮਾਂ ਬਿਤਾਉਣ ਲਈ ਆਉਂਦੇ ਹਾਂ। ਅਜੀਬ ਗੱਲ ਹੈ, ਦਿਸਣ ਦੀ ਬਜਾਏ, ਇੱਕ ਸਮਾਨਾਂਤਰ ਵਰਚੁਅਲ ਸੰਸਾਰ ਹੁਣ ਸਾਡੇ ਆਲੇ ਦੁਆਲੇ ਫੈਲ ਗਿਆ ਹੈ, ਅਤੇ ਅਸੀਂ ਅਜੇ ਵੀ ਇਸ ਨੂੰ ਵੇਖਦੇ ਹਾਂ.

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

# ਹਿੰਸਾ ਦੀ ਅੱਗ ਵਿੱਚ ਝੁਲਸਦੀ ਮਨੁੱਖਤਾ

-ਦੀਪਿਕਾ ਅਰੋੜਾ-





ਪਿੱਛੇ ਜਿਹੇ ਦਿਲ ਕੰਬਾ ਦੇਣ ਵਾਲਾ ਮਾਮਲਾ ਪਤਾ ਲੱਗਾ। ਪੱਛਮੀ ਬੰਗਾਲ ਦੇ ਬੀਰਭੂਮ ਜ਼ਿਲ੍ਹੇ ਵਿੱਚ ਰਾਮਪੁਰਹਾਟ ਨੇੜੇ, ਬੋਗਤੁਈ ਪਿੰਡ ਵਿੱਚ ਕੁਝ ਅਣਪਛਾਤੇ ਲੋਕਾਂ ਨੇ ਬੀਤੀ 21 ਮਾਰਚ ਨੂੰ ਲੱਗਭਗ 1 ਦਰਜਨ ਘਰਾਂ ਵਿੱਚ ਅੱਗ ਲਾ ਦਿੱਤੀ, ਜਿਸ ਵਿੱਚ ਝੁਲਸ ਕੇ ਅੱਠ ਲੋਕਾਂ ਦੀ ਮੌਤ ਹੋ ਗਈ। ਪੋਸਟਮਾਰਟਮ ਰਿਪੋਰਟ ਅਨੁਸਾਰ ਜ਼ਿੰਦਾ ਸਾੜਨ ਤੋਂ ਪਹਿਲਾਂ ਬੁਰੀ ਤਰ੍ਹਾਂ ਕੁੱਟਿਆ ਗਿਆ ਸੀ। ਬੰਗਾਲ ਵਿੱਚ ਵਾਪਰੀ ਇਸ ਦਿਲ ਕੰਬਾਊ ਘਟਨਾ ਦੀ ਜਾਂਚ30 ਮੈਂਬਰੀ ਸੀ ਬੀ ਆਈਟੀਮ ਨੇ ਸ਼ੁਰੂ ਕਰ ਦਿੱਤੀ ਹੈ।ਅਸਹਿਣਸ਼ੀਲਤਾ ਦੀ ਪ੍ਰਵਿਰਤੀ ਮਨੁੱਖਤਾ ਉੱਤੇ ਏਨੀ ਹਾਵੀ ਹੋਈ ਜਾਂਦੀ ਹੈ ਕਿ ਵਹਿਸ਼ੀਪਣ ਦੀਆਂ ਹੱਦਾਂ ਟੁੱਟਣ ਲੱਗੀਆਂ ਹਨ। ਇਨ੍ਹਾਂ ਵਿੱਚ ਕੁਝ ਕੇਸ ਨਿੱਜੀ ਰੰਜਿਸ਼ਾਂ ਨਾਲ ਜੁੜੇ ਹੁੰਦੇ ਹਨ ਪਰ ਸਵਾਰਥਸਿੱਧੀ ਲਈ ਜਾਤੀ, ਧਰਮ ਆਦਿ ਦੇ ਨਾਂ ਉੱਤੇ ਲੋਕਾਂ ਦੀਆਂ ਭਾਵਨਾਵਾਂ ਭੜਕਾ ਕੇ, ਤਾਕਤ ਦੀ ਵਰਤੋਂ ਅਤੇ ਹਿੰਸਾ ਲਈ ਉਕਸਾਉਣਾ, ਸਿਆਸੀ ਖੇਤਰ ਵਿੱਚ ਆਮ ਗੱਲ ਬਣ ਗਈ ਹੈ।

'ਮਾਬ ਲਿੰਚਿੰਗ' ਲਗਾਤਾਰ ਵਧ ਰਹੀਆਂ ਘਟਨਾਵਾਂ ਰਾਸ਼ਟਰ ਹਿਤ ਲਈ ਸਭ ਤੋਂ ਵੱਡੀ ਚੁਣੌਤੀ ਸਾਬਤ ਹੋ ਰਹੀਆਂ ਹਨ। 'ਮਾਬ ਲਿੰਚਿੰਗ' ਤੋਂ ਭਾਵ ਦੋ ਜਾਂ ਦੋ ਤੋਂ ਵੱਧ ਲੋਕਾਂ ਨੂੰ ਕਿਸੇ ਨੂੰ ਦੋਸ਼ੀ ਪਾਏ ਜਾਣ ਉੱਤੇ ਜਾਂ ਅਪਰਾਧੀ ਹੋਣ ਦੇ ਸ਼ੱਕ ਵਿੱਚ ਬਦਲੇ ਦੀ ਭਾਵਨਾ ਨਾਲ ਖੁਦ ਸਜ਼ਾ ਦੇਣੀ 'ਅਨੇਕਤਾ ਵਿੱਚ ਏਕਤਾ' ਭਾਰਤੀ ਸੱਭਿਆਚਾਰ ਦੀ ਵਿਸ਼ੇਸ਼ਤਾ ਰਹੀ ਹੈ ਪਰ ਇਹ ਵੀ ਸੱਚ ਹੈ ਕਿ ਕਈ ਵਾਰ ਨਿੱਜੀ, ਵਰਗੀਆਂ, ਫਿਰਕੂ ਜਾਂ ਧਾਰਮਿਕ ਮਤਭੇਦ ਸਭ ਤੋਂ ਵੱਡੀ ਸਮੱਸਿਆ ਬਣ ਕੇ ਰਾਸ਼ਟਰ ਦੇ ਸਨਮੁੱਖ ਆ ਖੜ੍ਹੇ ਹੁੰਦੇ ਹਨ। ਅਸੰਤੁਸ਼ਟੀ ਦੀ ਇੱਕ ਛੋਟੀ ਜਿਹੀ ਚੰਗਿਆੜੀ ਜੇ ਪ੍ਰਚੰਡ ਰੂਪ ਧਾਰਨ ਕਰ ਲਵੇ ਤਾਂ ਸਮੁੱਚੀ ਮਨੁੱਖਤਾ ਇਸ ਦੀ ਲਪੇਟ ਵਿੱਚ ਆਉਣ ਲੱਗਦੀ ਹੈ। ਅੰਦਾਜ਼ਨ-ਸਾਲ 2019 ਵਿੱਚ 107 ਤੇ 2020 ਵਿੱਚ 23 'ਮਾਬ ਲਿੰਚਿੰਗ' ਮਾਮਲੇ ਸਾਹਮਣੇ ਆਏ।'ਭੀੜ ਦਾ ਕੋਈ ਚਿਹਰਾ ਨਹੀਂ ਹੁੰਦਾ', ਇਸ ਲਈ ਲਿੰਚਿੰਗ ਵਿੱਚ ਸ਼ਾਮਲ ਲੋਕਾਂ ਦੀ ਗ੍ਰਿਫ਼ਤਾਰੀ ਨਾ ਹੋ ਸਕਣਾ ਸਭ ਤੋਂ ਵੱਡੀ ਸਮੱਸਿਆ ਹੈ। ਨਾ ਸਿਰਫ ਇਹ ਧਾਰਾ-21 ਵਿੱਚ ਦਿੱਤੇ 'ਜੀਵਨ ਦੇ ਅਧਿਕਾਰ' ਦੀ ਉਲੰਘਣਾ ਕਰਦਾ ਹੈ ਸਗੋਂ ਗੈਰ-ਸਮਾਜਿਕ ਤੱਤਾਂ ਦਾ ਹੌਸਲਾ ਵਧਾਉਂਦੇ ਹੋਏ, ਸੂਬੇ ਦੀ ਕਾਨੂੰਨੀ ਵਿਵਸਥਾ ਉੱਤੇ ਸਵਾਲੀਆ ਚਿੰਨ੍ਹ ਲਗਾਉਂਦੀ ਹੈ। ਕਿਸੇ ਵੀ ਪੱਧਰ ਉੱਤੇ ਹਿੰਸਾ ਦਾ ਪੈਦਾ ਹੋਣਾ ਮਨੁੱਖੀ ਸਿਧਾਂਤਾਂ ਦੇ ਵਿਰੁੱਧ ਹੈ।

ਭਾਰਤੀ ਦੰਡਾਵਲੀ ਵਿੱਚ 'ਮਾਬ ਲਿੰਚਿੰਗ' ਦੇ ਵਿਰੁੱਧ ਕਾਰਵਾਈ ਨਾਲ ਸਬੰਧਤ ਕੋਈ ਸਪੱਸ਼ਟ ਵਰਨਣ ਨਹੀਂ ਹੈ। ਇਨ੍ਹਾਂ ਦਾ ਨਿਪਟਾਰਾ ਧਾਰਾ-302 (ਕਤਲ), 307(ਇਰਾਦਾ ਕਤਲ), 323 (ਜਾਣ ਬੁਝ ਕੇ ਜ਼ਖ਼ਮੀ ਕਰਨਾ), 147-148 (ਦੰਗਾ-ਫਸਾਦ), 149 (ਆਗਿਆ ਦੇ ਵਿਰੁੱਧ ਇਕੱਠੇ ਹੋਣਾ) ਅਤੇ ਧਾਰਾ-34 (ਆਮ ਮਕਸਦ) ਦੇ ਤਹਿਤ ਹੁੰਦਾ ਹੈ। ਭੀੜ ਵੱਲੋਂ ਹੱਤਿਆ ਕਰਨ ਅਤੇ ਆਈ ਪੀ ਸੀ ਦੀ ਧਾਰਾ 02ਤੇ 149 ਮਿਲਾ ਕੇ ਪੜ੍ਹੀਆਂ ਜਾਂਦੀਆਂ ਹਨ। ਇਰਾਦਾ ਕਤਲ ਮਾਮਲੇ ਵਿੱਚ ਧਾਰਾ 307 ਅਤੇ 149 ਸਾਂਝੇ ਤੌਰ ਉੱਤੇ ਸ਼ਾਮਲ ਹੁੰਦੀਆਂ ਹਨ। ਸੀ ਆਰ ਪੀ ਸੀ ਵਿੱਚ ਇਸ ਬਾਰੇ ਸਪੱਸ਼ਟ ਕੁਝ ਨਹੀਂ ਕਿਹਾ।ਸਾਲ 2018 ਵਿੱਚ ਸੁਪਰੀਮ ਕੋਰਟ ਨੇ ਲਿੰਚਿੰਗ ਨੂੰ 'ਭੀੜਤੰਤਰ ਦਾ ਇੱਕ ਭਿਆਨਕ ਕਾਰਾ' ਦੇ ਰੂਪ ਵਿੱਚ ਸੰਬੋਧਿਤ ਕਰਦੇ ਹੋਏ ਕੇਂਦਰ ਤੇ ਰਾਜ ਸਰਕਾਰਾਂ ਨੂੰ ਕਾਨੂੰਨ ਬਣਾਉਣ ਦੇ ਨਿਰਦੇਸ਼ ਦਿੱਤੇ। ਮਣੀਪੁਰ, ਸਾਲ 2018 ਵਿੱਚ ਲਿੰਚਿੰਗ ਦੇ ਵਿਰੁੱਧ ਮਤਾ ਪਾਸ ਕਰਨ ਵਾਲਾ ਪਹਿਲਾਂ ਸੂਬਾ ਬਣਿਆ। 2019 ਵਿੱਚ ਰਾਜਸਥਾਨ ਤੇ ਪੱਛਮੀ ਬੰਗਾਲ ਵਿੱਚ ਵੀ ਲਿੰਚਿੰਗ ਵਿਰੁੱਧ ਬਿੱਲ ਪਾਸ ਕੀਤੇ ਗਏ। ਬੀਤੀ 21 ਦਸੰਬਰ 2021 ਨੂੰ ਝਾਰਖੰਡ ਵਿਧਾਨ ਸਭਾ ਵਿੱਚ ਵੀ ਸਮੂਹਿਕ ਹਿੰਸਾ ਵਿਰੁੱਧ ਬਿੱਲ ਪਾਸ ਕੀਤਾ ਗਿਆ।

ਪੱਛਮੀ ਬੰਗਾਲ ਵਿੱਚ ਵੀ 'ਪ੍ਰੀਵੈਂਸ਼ਨ ਆਫ ਲਿੰਚਿੰਗ ਬਿੱਲ, 2019' ਦੇ ਤਹਿਤ ਕੁੱਟਮਾਰ ਅਤੇ ਜ਼ਖ਼ਮੀ ਕਰਨ ਦਾ ਦੋਸ਼ ਸਿੱਧ ਹੋਣ ਉੱਤੇ ਤਿੰਨ ਸਾਲ ਦੀ ਕੈਦ ਤੋਂ ਲੈ ਕੇ ਉਮਰਕੈਦ ਦੀ ਵਿਵਸਥਾ ਕੀਤੀ ਗਈ। ਬਿੱਲ ਵਿੱਚ ਇਹ ਵੀ ਕਿਹਾ ਗਿਆ ਕਿ ਜੇਕਰ ਕੁੱਟਮਾਰ ਵਿੱਚ ਵਿਅਕਤੀ ਦੀ ਜਾਨ ਚਲੀ ਜਾਂਦੀ ਹੈ ਤਾਂ ਜ਼ਿੰਮੇਵਾਰ ਵਿਅਕਤੀਆਂ ਨੂੰ ਮੌਤ ਦੀ ਸਜ਼ਾ ਜਾਂ ਉਮਰਕੈਦ ਤੇ ਪੰਜ ਲੱਖ ਤੱਕ ਜੁਰਮਾਨਾ ਹੋ ਸਕਦਾ ਹੈ ਪਰ ਤ੍ਰਾਸਦੀ ਦਾ ਵਿਸ਼ਾ ਹੈ ਕਿ ਕਾਨੂੰਨ ਬਣਨ ਦੇ 10 ਦਿਨਾਂ ਅੰਦਰ ਹੀ ਸਮੂਹਿਕ ਹਿੰਸਾ ਨਾਲ ਸਬੰਧਤ ਅਜਿਹੇ ਪੰਜ ਮਾਮਲੇ ਸਾਹਮਣੇ ਆਏ ਜਿਨ੍ਹਾਂ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ ਤਿੰਨ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ। ਸਪੱਸ਼ਟ ਹੈ, ਬਿੱਲ ਇੰਨਾ ਪ੍ਰਭਾਵੀ ਸਿੱਧ ਨਹੀਂ ਹੋ ਸਕਿਆ ਕਿ ਗੈਰ-ਮਨੁੱਖੀ ਤੱਤਾਂ ਵਿੱਚ ਡਰ ਪੈਦਾ ਹੋਵੇ ਅਤੇ ਅਰਾਜਕ ਘਟਨਾਵਾਂ ਉੱਤੇ ਰੋਕ ਲੱਗ ਸਕੇ।

ਹਿੰਸਕ ਘਟਨਾਵਾਂ ਨਾਲ ਆਮ ਜਨਤਾ ਵਿੱਚ ਅਸੁਰੱਖਿਆ, ਡਰ ਤੇ ਅਸ਼ਾਂਤੀ ਦੀ ਭਾਵਨਾ ਉਪਜਦੀ ਹੈ ਅਤੇ ਪੁਲਸ ਪ੍ਰਸ਼ਾਸਨ ਅਤੇ ਕਾਨੂੰਨ ਵਿਵਸਥਾ ਪ੍ਰਤੀ ਰੋਸ ਤੇ ਸ਼ੱਕ ਪੈਦਾ ਹੁੰਦਾ ਹੈ। ਕੌਮਾਂਤਰੀ ਅਕਸ ਧੁੰਦਲਾ ਹੋਣ ਦੇ ਨਾਲ ਵਿਦੇਸ਼ੀ ਤੇ ਘਰੇਲੂ ਨਿਵੇਸ਼ ਵੀ ਪ੍ਰਭਾਵਿਤ ਹੁੰਦੇ ਹਨ ਜਿਸ ਦਾ ਅਰਥਵਿਵਸਥਾ ਉੱਤੇ ਪ੍ਰਤੀਕੂਲ ਅਸਰ ਪੈਂਦਾ ਹੈ।

ਹਿੰਸਕ ਘਟਨਾਵਾਂ ਰੋਕਣ ਲਈ ਜ਼ਰੂਰੀ ਹੈ ਕਿ ਗੈਰ-ਮਨੁੱਖੀ ਕਾਰਿਆਂ ਵਿੱਚ ਸ਼ਾਮਲ ਅਪਰਾਧੀਆਂ ਸਮੇਤ, ਉਨ੍ਹਾਂ ਨੂੰ ਹਿੰਸਕ ਸਰਗਰਮੀ ਦੇ ਪ੍ਰਤੀ ਉਕਸਾਉਣ ਵਾਲੇ ਜਾਂ ਸ਼ਹਿ ਦੇਣ ਵਾਲੇ ਲੋਕਾਂ ਨੂੰ ਵੀ ਸਖ਼ਤ ਸਜ਼ਾ ਮਿਲੇ। ਹਿੰਸਾ ਸਮੁੱਚੀ ਮਨੁੱਖਤਾ ਲਈ ਇੱਕ ਜ਼ਹਿਰੀਲਾ ਡੰਗ ਹੈ। ਇਹ ਬਿਹਤਰ ਨਹੀਂ ਕਿ ਪੱਖ-ਵਿਰੋਧੀ ਧਿਰ ਦੋਸ਼-ਪ੍ਰਤੀਦੋਸ਼ ਵਿੱਚ ਉਲਝਣ ਦੀ ਬਜਾਏ ਘਟਨਾ ਦੀ ਨਿਰਪੱਖ ਜਾਂਚ ਉੱਤੇ ਵੱਧ ਧਿਆਨ ਦੇਵੇ? ਵਿਚਾਰਨਯੋਗ ਹੈ, ਸਿਰਫ ਬਿੱਲ ਬਣਾ ਦੇਣਾ ਕਾਫੀ ਨਹੀਂ, ਹਿੰਸਕ ਘਟਨਾਵਾਂ ਰੋਕਣ ਲਈ ਸਮੇਂ ਅਨੁਸਾਰ ਕਾਨੂੰਨਾਂ ਵਿੱਚ ਲੋੜੀਂਦੇ ਸੁਧਾਰ ਤੇ ਉਨ੍ਹਾਂ ਦਾ ਸਖ਼ਤੀ ਨਾਲ ਲਾਗੂ ਹੋਣਾ ਵੀ ਜ਼ਰੂਰੀ ਹੈ।

# ਜਾਂਦੇ ਵਿੱਚੋਂ ਆਉਂਦੇ ਦੀ ਝਾਤ

-ਅਤੈ ਸਿੰਘ-

ਜੇਡ ਬਾਤ, ਤੇਡ ਹੁੰਗਾਰਾ। ਖ਼ਤ ਜਿਹਾ ਜੁਆਬ। ਕਦੇ ਕਿਤੇ ਖ਼ਤ ਦਾ ਜੁਆਬ ਨਹੀਂ ਵੀ ਆਉਂਦਾ। ਕਦੇ ਜੁਆਬੀ ਖ਼ਤ ਖ਼ਤੋਂ ਲੰਮੇਰਾ। ਸੁਆਲ ਜਿਹਾ ਜੁਆਬ। ਕਿਸੇ ਸੁਆਲ ਦਾ ਜੁਆਬ ਨਹੀਂ ਵੀ ਹੁੰਦਾ। ਕਿਸੇ ਸੁਆਲ ਦਾ ਜੁਆਬ ਈ ਸੁਆਲ ਹੋ ਜਾਂਦਾ। ਕਦੇ ਕਿਸੇ ਬਾਤ ਦਾ ਹੁੰਗਾਰਾ ਬਾਤੋਂ ਲੰਮੇਰਾ ਹੋ ਜਾਂਦਾ। ਕਦੇ ਕਿਸੇ ਬਾਤ ਦਾ ਹੁੰਗਾਰਾ ਈ ਬਾਤ ਹੋ ਜਾਂਦਾ। ਇਉਂ ਅਕਸਰ ਹੁੰਦਾ। ਸਦਾ ਨਹੀਂ।

ਇਹ ਗੱਲ ਏ ਖੇਤ ਦੀ। ਖੇਤੀ ਦੀ। ਖੇਤੀਵਾਨ ਦੀ। ਪੰਜਾਬ ਦੀ। ਸਭਿਆਚਾਰ ਦੀ। ਖੇਤੀ ਸਭਿਆਚਾਰ ਦੀ। ਕਦੇ ਕੋਈ ਨਵਾਂ ਨਵਾਂ ਉਭਰਿਆ ਵਿਸ਼ਵਵਿਦਿਆਲੀ ਵਿਦਵਾਨ ਮਜ਼ਾਕ ਵੀ ਕਰਦਾ: ਪੰਜਾਬ ਦਾ ਕਿਹੜਾ ਕਲਚਰ? ਇਹਦਾ ਤਾਂ ਐਗਰੀਕਚਲਰ ਆ। ਇਹ ਮਜ਼ਾਕ ਆਪਣੇ ਆਪ ਵਿੱਚ ਸੱਚ ਏ। ਪੰਜਾਬੀ ਸਭਿਆਚਾਰ ਖੇਤੀ ਸਭਿਆਚਾਰ ਈ ਏ। ਇੱਥੇ ਹਰ ਰੀਤ ਰਸਮ ਵਿੱਚ ਖੇਤੀ ਨਾਲ ਜੁੜਿਆ ਏ। ਖਾਣ ਪੀਣ, ਪਹਿਰਾਵਾ, ਤਿੱਥ ਤਿਉਹਾਰ, ਮੇਲੇ ਮੁਸਾਹਬੇ, ਸ਼ਗਨ ਵਿਹਾਰ ਖੇਤੀ ਸਭਿਆਚਾਰ ਦੇ ਅਨੁਸਾਰੀ ਏ। ਫਸਲਾਂ ਰੁੱਤਾਂ ਨਾਲ ਤੇ ਰੁੱਤਾਂ ਫਸਲਾਂ ਨਾਲ ਢੁਕਦੀਆਂ ਨੇ। ਬਸੰਤੀ ਰੰਗ ਬਸੰਤ ਰੁੱਤ ਦਾ। ਸਰ੍ਹੋਂ, ਤੋਰੀਏ, ਤਾਰਾਮੀਰਾ ਦਾ ਵੀ। ਪੰਜਾਬੀ ਲੋਕ ਮਨ, ਲੋਕ ਸੋਚ, ਲੋਕ ਗੀਤ ਦਾ ਵੀ। ਇੱਥੋਂ ਦੀਆਂ ਬਾਤਾਂ ਕਣਕ ਵੰਨੀਆਂ, ਝੋਨੇ ਦੀਆਂ ਮੁੰਜਰਾਂ ਵਰਗੀਆਂ, ਕਪਾਹੀ ਫੁੱਲ ਜਿਹੀਆਂ। ਚਲੋ ਕੋਈ ਖੇਤੀ ਦੀ ਬਾਤ ਪਾਈਏ। ਖਿੱਲਰੀ ਬਾਤ ਸਮੇਟੀਏ। ਕਿਸੇ ਚੱਜ ਦੀ ਬਾਤ ਦਾ ਚੱਜ ਦਾ ਹੁੰਗਾਰਾ ਕਰੀਏ। ਬਾਤ ਨਾਲ ਬਾਤ, ਹੁੰਗਾਰੇ ਨਾਲ ਹੁੰਗਾਰਾ ਜੋੜੀਏ, ਬਾਾਤ ਅੱਗੇ ਅਗੇਰੇ ਤੋਰੀਏ।ਖੇਤੀ ਦੀ ਬਾਤ ਹੱਥੀਂ ਖੇਤੀ ਤੋਂ ਤੁਰਦੀ, ਮਸ਼ੀਨੀ ਖੇਤ ਤੱਕ ਅਪੜਦੀ, ਮੁੜ ਹੱਥੀਂ ਖੇਤੀ ਵੱਲ ਮੁੜਦੀ ਵੀ ਲੱਗਦੀ ਏ। ਹੱਥੀਂ ਖੇਤੀ ਹੱਥੀਂ ਕਿਰਤ ਏ, ਕਿਰਤੀ, ਕਾਮੇ, ਕਿਸਾਨ ਦੀ। ਮਸ਼ੀਨੀ ਖੇਤੀ ਮਸ਼ੀਨੀ ਕਿਰਤ ਏ, ਮਸ਼ੀਨੀ ਜੁੱਗ ਦੀ। ਮਸ਼ੀਨੀ ਜੁੱਗ ਨੇ ਹੱਥੀਂ ਕਿਰਤ ਮਧੋਲ ਦਿੱਤੀ। ਟਰੈਕਟਰ ਨੇ ਹਲ ਲਤਾੜ ਦਿੱਤੇ। ਜ਼ੋਰ ਤਾਂ ਪੈਲੀ ਵਾਹੁੰਦਿਆਂ ਲੱਗਦਾ ਈ ਆ, ਬਲਦਾਂ ਨਾਲ ਚਾਹੇ ਟਰੈਕਟਰ ਨਾਲ। ਹਲ ਦੀ ਹੱਥੀ ਫੜੀ ਹਲ ਵਾਹੁੰਦੇ ਹੱਥ, ਹਲ ਦੇ ਫਾਲੇ ਨਾਲ, ਚੋਅ ਨਾਲ, ਸਿਆੜਾਂ ਨਾਲ ਗੱਲਾਂ ਕਰਦੇ। ਆਪਣੀ ਧਰਤ, ਆਪਣੀ ਪਰਤ, ਆਪਣੀ ਕਰਤ ਨਾਲ ਗੱਲਾਂ ਕਰਦੇ। ਮਿੱਟੀ ਦੀਆਂ ਬਾਤਾਂ ਪਾਉਂਦੇ ਅਸਮਾਨ ਨਾਲ। ਖੇਤਾਂ ਦੇ ਗੌਣ ਗਾਉਂਦੇ ਬਲਦਾਂ ਦੀਆਂ ਟੱਲੀਆਂ ਦੇ ਸੰਗੀਤ ਨਾਲ। ਇਕੇਰਾਂ ਲੋੜ ਥੋੜ, ਦੁਖ, ਸੁਖ, ਗਰਜ਼ ਗਰੀਬੀ ਤੱਕ ਭੁੱਲ ਜਾਂਦੇ ਇਹ ਪੂਰਨ ਸਿੰਘ ਦੇ 'ਜੱਗ ਦੇ ਭੰਡਾਰੀ'। ਵੱਟ ਉਤੇ ਬਹਿ ਕੇ ਸੁਚੱਜੀ ਸੁਆਣੀ ਦੇ ਹੱਥਾਂ ਦੀ ਪੱਕੀ, ਰੁੱਖੀ ਸੁੱਖੀ ਖਾਂਦਿਆਂ 'ਦੁਖ ਸੁਖ ਤੇ ਗਰੀਬੀ ਭੁੱਲ ਜਾਵੇ'। ਤੇ ਅੱਜ ਟਰੈਕਟਰ ਦਾ ਸਟਿਅਰਿੰਗ ਸੰਭਾਲੀ ਹੱਥ ਹਵਾ ਨਾਲ ਗੱਲਾਂ ਤਾਂ ਭਾਵੇਂ ਕਰਦੇ ਹੋਣ, ਕੰਨ ਪਾੜਵੀਂ ਆਵਾਜ਼ ਵਿੱਚ ਲਾਏ ਊਲ-ਜਲੂਲ ਗੀਤ ਭਾਵੇਂ ਸੁਣਦੇ ਹੋਣ, ਆਸੇ ਪਾਸੇ ਕਿਸੇ ਨਾਲ ਗੱਲਾਂ ਕਿਵੇਂ ਕਰਦੇ ਹੋਣਗੇ? ਮਿੱਟੀ ਦੀ ਮਹਿਕ ਦੀ ਥਾਂ ਮੱਚਦੇ ਤੇਲ ਦੀ ਬੋਅ ਦੇ ਨਾਲ ਸਾਇਲੈਂਸਰ ਦੇ ਧੂੰਏਂ ਨੇ ਲੈ ਲਈ ਏ। ਸੋਚਣਾ ਪੈਣਾ ਈ ਆ ਕਿਰਤੀ ਕਿਸਾਨ ਕਾਮੇ ਨੂੰ ਇੱਕ ਮਸ਼ੀਨ, ਮਸ਼ੀਨੀ ਕਿਰਤ, ਮਸ਼ੀਨੀ ਜੁੱਗ ਨੇ ਕੀ, ਕਿਵੇਂ, ਕਿੰਨਾ ਵਧਾਇਆ-ਘਟਾਇਆ, ਸੌਂਪਿਆ-ਖੋਹਿਆ, ਸੰਵਾਰਿਆ-ਵਿਗਾੜਿਆ? ਮਸ਼ੀਨੀ ਸਭਿਅਤਾ ਨੇ ਹੱਥੀਂ ਕਿਰਤ, ਕਿਰਤ ਸਭਿਆਚਾਰ, ਪੰਜਾਬੀ ਸਭਿਆਚਾਰ ਨੂੰ ਖੋਰਾ ਲਾਇਆ। ਮਸ਼ੀਨ ਨੇ ਮਨੁੱਖ ਨੂੰ ਮਸ਼ੀਨ, ਸੋਚ ਨੂੰ ਮਸ਼ੀਨੀ, ਮਨੁੱਖੀ ਮਨ ਨੂੰ ਮਸ਼ੀਨੀ ਕਲ ਪੁਰਜਾ ਈ ਬਣਾ ਦਿੱਤਾ ਲੱਗਦਾ। ਬੰਦਾ ਜਿੰਨਾ ਦੂਰ ਜਾਂਦਾ, ਉਹਨੂੰ ਮੁੜਨਾ ਵੀ ਓਨੀ ਦੂਰੋਂ ਪੈਂਦਾ। ਮਨੁੱਖ ਭਾਵੇਂ ਅੱਗੇ ਵਧਣ ਦਾ ਇੱਛੁੱਕ ਏ, ਪਿੱਛੇ ਮੁੜਨਾ ਪੈਂਦਾ। ਮਨੁੱਖ ਭਾਵੇਂ ਅੱਗੇ ਵਧਣ ਦਾ ਇੱਛੁੱਕ ਏ, ਪਿੱਛੇ ਮੁੜਨਾ ਤਾਂ ਕੀ, ਪਿੱਛੇ ਭੌਂ ਕੇ ਦੇਖਣਾ ਵੀ ਭਲਾ ਨਹੀਂ ਮੰਨਿਆ ਜਾਂਦਾ। ਉਂਝ ਜੇ ਰਾਹ ਈ ਅੱਗੋਂ ਬੰਦ ਹੋਵੇ ਤਾਂ ਪਿੱਛੇ ਮੁੜਨਾ ਈ ਭਲਾ।

ਮਨੁੱਖੀ ਸੁਭਾਅ ਦੇ ਔਖ ਤੋਂ ਸੌਖ ਵੱਲ ਵਧਣਾ। ਮਸ਼ੀਨ ਨਾਲ ਸੌਖ ਹੋਇਆ, ਸੁਖ ਨਹੀਂ ਮਿਲਿਆ। ਮਸ਼ੀਨ ਨੇ ਖੇਤੀ ਦਾ ਕੰਮ ਘਟਾਇਆ ਨਹੀਂ,ਵਧਾਇਆ ਏ। ਉਪਜ ਵਧੀ ਨਾਲ ਖਰਚਾ ਵਧਿਆ। ਹਿਸਾਬ ਲਾਉਣਾ ਪੈਣਾ ਕਿ ਫਸਲ ਕਿੰਨੀ ਵਧੀ? ਖਾਦ, ਦਵਾਈ, ਸਪਰੇਅ ਕਿੰਨੀ ਵਧੀ? ਫਸਲ ਮੰਡੀ ਕਿੰਨੀ ਰੁਲੀ? ਇਹ ਵੀ ਕਿ ਖੀਸਾ ਕਿੰਨਾ ਭਾਰਾ ਹੋਇਆ? ਕਰਜ਼ੇ ਦਾ ਭਾਰ ਕਿੰਨਾ ਵਧਿਆ। ਮਨ ਦਾ ਸਕੂਨ ਕਿੰਨਾ ਮਿਲਿਆ? ਸੌਖ ਤੋਂ ਹੋਰ ਸੌਖ, ਸੁਖ ਤੋਂ ਹੋਰ ਸੁਖ, ਹੋਰ ਤੋਂ ਹੋਰ ਦੀ ਅਮੁੱਕ ਇੱਛਾ ਬੰਦੇ ਨੂੰ ਟਿਕਣ ਨਹੀਂ ਦਿੰਦੀ। ਕਿਸੇ ਪੜਅ ਉੱਤੇ ਆਣ ਕੇ ਸੁਖ, ਸੌਖ, ਹਰ ਸੁਖ, ਸੌਖ, ਹੋਰ ਲੱਗਣੋਂ ਹਟ ਜਾਂਦੇ। ਮਸ਼ੀਨੀ ਕਾਢਾਂ, ਜੁਗਤਾਂ, ਸੁਧਾਈਆਂ ਰਿਮੋਟ ਕੰਟਰੋਲ ਤੱਕ ਅਪੜ ਕੇ ਰੁਕਦੀਆਂ ਨਾ ਲੱਗਦੀਆਂ। ਇੱਛਾਵਾਂ, ਮ੍ਰਿਗ ਤ੍ਰਿਸ਼ਨਾਵਾਂ ਕਿੱਥੇ ਜਾ ਰੁਕਦੀਆਂ ਨੇ ਭਲਾ। ਸੁਖ-ਸੌਖ-ਹੋਰ ਦੀ ਭਾਲ ਵਿੱਚ ਬੰਦਾ ਕਿੱਥੋਂ ਕਿੱਥੇ ਆ ਗਿਆ ਏ।

ਮਸ਼ੀਨੀ ਜਾਲ ਵਿੱਚ ਉਲਝਿਆ ਕਿਸਾਨ ਸਰਮਾਏਦਾਰੀ ਦੇ ਖਿਲਾਰੇ ਲੁਭਾਉਣੇ ਚੋਗ ਚੁਗਣ ਲੱਗਿਆਂ ਭੋਲੇ ਪੰਛੀ ਵਾਂਗ ਪ੍ਰਬੰਧੀ ਕੁਚਾਲਾਂ ਦੇ ਅੜਿੱਕੇ ਆ ਗਿਆ ਲਗਦਾ। ਚੋਗਾ ਚੁਗਣ ਗਿਆ ਭੋਲਾ ਇਹ ਸਮਝਾਉਣੀ ਕਦੋਂ ਸੁਣਦੇ, ''ਮੈਂ ਆਖ ਰਹੀ, ਮੈਂ ਵਰਜ ਰਹੀ, ਤੂੰ ਚੋਗ ਚੁਗਣ ਨਾ ਜਾ।'' ਨਾ ਈ ਨੰਦ ਲਾਲ ਨੂਰਪੁਰੀ ਦੇ ਬੋਲ ਗੌਲਦਾ, ''ਏਥੇ ਘਰ ਘਰ ਫਾਹੀਆਂ ਗੱਡੀਆਂ, ਤੂੰ ਫਾਹੀਆਂ ਹੇਠ ਨਾ ਆ।'' ਇਨ੍ਹਾਂ ਦੋਵਾਂ ਤੁਕਾਂ ਵਿੱਚ 'ਜਾ' ਤੇ 'ਆ' ਇੱਕੋ ਨੁਕਤੇ ਵਿੱਚ ਸਿਮਟਦੇ ਨੇ। ਦੋਵੀਂ ਪਾਸੀਂ ਬਚਾ ਨਹੀਂ ਜਾਪਦਾ। ਅਜਮੇਰ ਔਲਖ ਦਾ ਨਾਟਕ ਆਖਦਾ ਏ, 'ਜਨਮ ਧਰਿਆ ਢਿੱਡ ਦੀ ਲੋੜ ਵਿੱਚੋਂ, ਮਰ ਜਾਣਗੇ ਢਿੱਡ ਦੀ ਲੋੜ ਥੱਲੇ, ਘੜੀ ਸੁਖ ਦੀ ਭਾਲਦੇ ਭਲਾ ਕਿੱਥੋਂ, ਜਿਹੜੇ ਰਹਿਣ ਬੇਗਾਨੜੇ ਬੋਹੜ ਥੱਲੇ।' ਲੋੜ ਆਪਣੀ, ਛਾਂ ਬੇਗਾਨੀ, ਮੇਲ ਕਿੱਥੇ। ਭੁੱਖੇ ਢਿੱਡ ਨੂੰ ਚੋਗਾ ਦਿਸਦਾ, ਜਾਲ ਨਹੀਂ। ਸ਼ਿਕਾਰੀ ਨੂੰ ਪੰਛੀ ਦਿਸਦਾ, ਚੋਗਾ ਨਹੀਂ। ਭੁੱਖ ਜਾਲ ਵਿੱਚ ਫਸਦੀ ਏ। ਮਾਸੂਮ ਜਾਨ ਮੰਡੀ ਵਿਕਦੀ ਏ। ਇਹ ਵਪਾਰ ਏ, ਸ਼ਿਕਾਰ ਏ। ਵਾਰ ਏ ਸਰਮਾਏ ਦੇ ਬਾਜ਼ਰ ਦਾ।

ਬਾਜ਼ਾਰ ਵੇਚ ਖਰੀਦ, ਲਾਭ ਹਾਣ ਦਾ ਸੁਆਲ ਏ। ਕਿਸਾਨੀ ਕਿੱਤਾ ਏ ਕਦਰ ਦਾ। ਉਤਮ ਖੇਤੀ ਈ ਮੰਨੀ ਗਈ ਏ। ਨੌਕਰੀ ਗੁਲਾਮੀ ਏ। ਤਾਹੀਓਂ ਨਖਿੱਧ ਏ। ਮਿਹਨਤ ਦਾ ਮੁੱਲ ਮੁੜ੍ਹਕੇ ਦੇ ਤੁੱਲ ਹੋਵੇ ਤਾਂ ਗੱਲ ਨਿਆਈ ਹੋਵੇ। ਮੁੜ੍ਹਕੇ ਦਾ ਮੁੱਲ ਨਾ ਮਸ਼ੀਨ ਮੋੜਦੀ ਏ, ਨਾ ਮੰਡੀ, ਨਾ ਕੂੜਨੀਤੀ। ਮੁਫਤ ਬਿਜਲੀ ਦਾ ਐਲਾਨ ਹੁੰਦਾ ਏ। ਟਿਊਬਵੈੱਲ ਸਬਮਰਸੀਬਲ ਹੋ ਜਾਂਦਾ ਏ। ਮੋਟਰ ਮੱਛੀ ਹੋ ਜਾਂਦੀ ਏ। ਖੇਤੀ ਦੀ ਕਿੰਨੀ ਖੁਸ਼ਹਾਲੀ ਹੋ ਜਾਂਦੀ ਏ। ਬਿਜਲੀ ਮੁਫਤ, ਮੋਟਰ ਮੁੱਲ ਦੀ। ਪਾਈਪਾਂ ਕਿੰਨੀਆਂ ਡੂੰਘੀਆਂ, ਕਿੰਨੀਆਂ ਮਹਿੰਗੀਆਂ। ਬੋਰ ਕਰਾਈ ਕਿਹੜੇ ਭਾਅ ਪਈ? ਮੱਝ ਵੇਚ ਕੇ ਘੋੜੀ ਲਈ, ਦੁੱਧ ਪੀਣੋਂ ਗਏ, ਲਿੱਦ ਸੁੱਟਣੀ ਪਈ। ਮਸ਼ੀਨੀ ਦੌੜ ਨੇ ਖੇਤੀ ਨਾਲ ਵੀ ਕੁਝ ਇਉਂ ਈ ਕੀਤਾ ਜਾਪਦਾ। ਬਲਦ ਵੱਛਾ ਵੇਚ ਕੇ ਟਰੈਕਟਰ ਲੈ ਲਿਆ, ਬਲਦ-ਵੱਛੇ, ਮੱਝ-ਗਾਂ, ਘੋੜੇ-ਘੋੜੀ ਦਾ ਮੁੱਲ ਕੌਣ ਪੁੱਛਦਾ ਭਲਾ। ਮਸ਼ੀਨਾਂ ਦੁੱਧ ਨਹੀਂ ਦਿੰਦੀਆਂ, ਤੇਲ ਪੀਂਦੀਆਂ। ਵੇਲਾ ਇਉਂ ਵੀ ਪੁੱਠਾ ਗੇੜ ਗੇੜਦਾ ਕਦੇ। ਸਿਆਣਾ ਈ ਵੇਲਾ ਸੰਭਾਲਦਾ।

ਇਹ ਲਿਖਤ ਅਸਲ ਵਿੱਚ ਦਾਰਾ ਢਿੱਲੋਂ ਦੀ ਲਿਖਤ 'ਟਿਕਾਊ ਖੇਤੀ, ਪੰਜਾਬ ਦੇ ਖੇਤੀ ਸੰਕਟ ਦਾ ਹੱਲ' (15 ਮਾਰਚ) ਦਾ ਹੁੰਗਾਰਾ ਏ। ਹੁੰਗਾਰੇ ਬਿਨ ਕਾਹਦੀ ਬਾਤ। ਉਂਝ ਹੁੰਗਾਰਾ ਅੱਜ ਕਿੱਥੇ। ਸਭ ਸੁਆਉਣ, ਸਮਝਾਉਣ, ਸਿਖਾਉਣ ਵਾਲੇ ਨੇ। ਸਿੱਖਣ, ਸਮਝਣ, ਸੁਣਨ ਵਾਲੇ ਭਲਾ ਕਿੱਥੇ। ਲੇਖਕ ਦਾ ਸੰਕੇਤ ਏ ਪਹਿਲੀ ਖੇਤੀ ਵੱਲ। ਦਲੀਲ ਏ ਨਾਲ ਜੁੜੇ ਹੋਰ ਕਿੱਤਿਆਂ ਦੀ। ਸਹੀ ਏ। ਪਦਾਰਥੀ ਪਹੁੰਚ ਏ, ਜਦੋਂ ਕੋਈ ਸਰਮਾਏਦਾਰ ਪੂੰਜੀ ਨਾਲ ਕਾਰਖਾਨਾ ਲਾਉਂਦਾ, ਕਿੰਨਿਆਂ ਨੂੰ ਨਾਲ ਰੁਜ਼ਗਾਰ ਮਿਲਦਾ। ਇਹ ਨਹੀਂ ਕਿ ਮਾਲਕ ਨੂੰ ਆਪ ਕਿੰਨਾ ਮੁਨਾਫਾ ਹੁੰਦਾ? ਦੂਜੇ ਪਾਸੇ, ਹੱਥੀਂ ਖੇਤੀ ਕਰਦਿਆਂ ਕਿਸਾਨ ਨਾਲ ਹੋਰ ਕਿੰਨੇ ਕਿਰਤੀ ਕਾਮੇ ਕਿੱਤੇ ਆਣ ਜੁੜਦੇ। ਉਦੋਂ ਖਾਸ ਫਸਲ ਬੀਜਦਿਆਂ ਨਾਲ ਛੁਟ-ਪੁਟ ਫਸਲਾਂ ਵੀ ਬੀਜੀਆਂ ਜਾਂਦੀਆਂ। ਕਿਤੇ ਅਲਸੀ ਦਾ ਕਿਆਰਾ, ਕਿਤੇ ਸਣ ਦਾ। ਪੱਕੀ ਸਣ ਦੇ ਗਰ੍ਹਨੇ ਛੱਪੜ ਕੱਢੇ ਪਾਣੀ ਵਿੱਚ ਦੱਬਦੇ। ਮੁੜ ਗੁਹਾਰੇ ਲਾ ਕੇ ਸੁਕਾਉਂਦੇ। ਸਿਆਲੀ ਝੜੀਆਂ ਵਿੱਚ ਕਾਮੇ ਸਣ ਕੱਢਦੇ। ਦੁੱਧ-ਚਿੱਟੀਆਂ ਤਲੂਣੀਆਂ ਦੀ ਅੱਗ ਸੇਕਦੇ। ਇਹ ਭਾਈਚਾਰਾ ਹੀ ਪੰਜਾਬੀ ਸਭਿਆਚਾਰ ਦਾ ਮੂਲ ਏ। ਇਹੋ ਅਸਾਂ ਖੂਹਾ ਲਿਆ। ਫੇਰ ਬਚਿਆ ਕੀ? ਉਦੋਂ ਸਣ ਤੋਂ ਰੱਸੇ-ਰੱਸੀਆਂ, ਵਾਣ ਵੱਟਣੇ। ਉਸ ਵਾਣ ਉਣੇ ਮੰਜੇ ਦੀ ਰੀਸ ਇਸ ਕੰਪਨੀ ਦੇ ਗੱਦੇ ਨੇ ਕਰ ਲੈਣੀ ਭਲਾ। ਬਾਤ ਨਾਲ ਬਾਤ ਆਣ ਜੁੜਦੀ ਏ ਸੁਖਵੰਤ ਕੌਰ ਮਾਨ ਦੀ ਕਹਾਣੀ'ਚਾਹ' ਦੀ। ਪਿੰਡ ਦਾ ਜ਼ਿਮੀਂਦਾਰ ਕਣਕ ਵਢਾਉਣ ਨੂੰ ਲਾਵੇ ਲਾਉਂਦੇ। ਉਨ੍ਹਾਂ ਲਈ ਚਾਹ ਲੈ ਕੇ ਆਉਂਦਾ। ਚਾਹ ਪੀ ਕੇ ਦਾਤਰੀਆਂ ਫੜ ਕੇ ਉਹ ਵਾਢੀ ਕਰਨ ਹੀ ਲੱਗਦੇ ਨੇ, ਉਧਰੋਂ ਕੰਬਾਈਨ ਆ ਜਾਂਦੀ। ਜ਼ਿਮੀਂਦਾਰ ਉਨ੍ਹਾਂ ਨੂੰ ਵਰਜ ਦਿੰਦਾ। ਉਹ ਖਾਲੀ ਹੱਥ ਘਰੀਂ ਮੁੜਦੇ। ਕਿਵੇਂ ਮੁੜਦੇ ਨੇ, ਕਲਪਨਾ ਕਰੀਏ। ਨਾਲ ਦੁਆ ਕਰੀਏ, ਕਾਮੇ ਹੱਥ ਕਦੇ ਕੰਮ ਤੋਂ ਖਾਲੀ ਹੱਥ ਘਰੀਂ ਨਾ ਮੁੜਨ।




# ਆਰਥਿਕ ਪੱਖੋਂ ਤੰਗਗਰੀਬ ਜੋੜੇ ਨੇ ਜ਼ਹਿਰ ਨਿਗਲਿਆ, ਦੋਵਾਂ ਦੀ ਮੌਤ

ਭਿੱਖੀਵਿੰਡ, 30 ਮਾਰਚ (ਪੋਸਟ ਬਿਊਰੋ)- ਬਲ੍ਹੇਰ ਵਾਸੀ ਪਤੀ-ਪਤਨੀ ਨੇ ਆਰਥਿਕ ਤੰਗੀ ਕਾਰਨ ਘਰ ਤੋਂ ਦੂਰ ਜਾ ਕੇ ਜ਼ਹਿਰੀਲਾ ਪਦਾਰਥ ਨਿਗਲ ਲਿਆ, ਜਿਸ ਕਾਰਨ ਦੋਵਾਂ ਦੀ ਮੌਤ ਹੋ ਗਈ। ਤਿੰਨ ਬੱਚਿਆਂ ਦੇ ਮਾਤਾ-ਪਿਤਾ ਇਸ ਜੋੜੇ ਦਾ ਬਿਨਾਂ ਪੁਲਸ ਕਾਰਵਾਈ ਕਰਵਾਇਆਂ ਸਸਕਾਰ ਕਰ ਦਿੱਤਾ ਗਿਆ।

ਜਸਬੀਰ ਸਿੰਘ ਪੁੱਤਰ ਸੰਗਾ ਸਿੰਘ ਪਿੰਡ ਬਲ੍ਹੇਰ ਨੇ ਦੱਸਿਆ ਕਿ ਉਸ ਦਾ ਭਰਾ ਦਿਲਬਾਗ ਸਿੰਘ (42) ਬੇਜ਼ਮੀਨਾ ਸੀ ਅਤੇ ਦਿਹਾੜੀ ਕਰ ਕੇ ਘਰ ਦਾ ਗੁਜ਼ਾਰਾ ਚਲਾਉਂਦਾ ਸੀ। ਉਸ ਦਾ ਕੰਮ ਕੋਰੋਨਾ ਮਹਾਮਾਰੀ ਕਾਰਨ ਡਾਵਾਂਡੋਲ ਹੋ ਚੁੱਕਾ ਸੀ। ਉਸ ਦੀ ਵੱਡੀ ਲੜਕੀ ਅਮਨਪ੍ਰੀਤ ਕੌਰ (18) ਦੀ ਪੜ੍ਹਾਈ ਛੁੱਟ ਚੁੱਕੀ ਸੀ ਅਤੇ ਪਿੰਡ ਦੇ ਸਕੂਲ ਵਿੱਚ ਪੜ੍ਹਦੀ 15 ਸਾਲਾ ਛੋਟੀ ਲੜਕੀ ਸ਼ਰਨਜੀਤ ਕੌਰ ਤੇ 12 ਸਾਲਾ ਲੜਕੇ ਸਰਪ੍ਰੀਤ ਸਿੰਘ ਦੀ ਪੜ੍ਹਾਈ ਦੇ ਖਰਚੇ ਅਤੇ ਘਰ ਦਾ ਗੁਜ਼ਾਰਾ ਚਲਾਉਣ ਵਿੱਚ ਅਸਮਰਥ ਹੋਏ ਦਿਲਬਾਗ ਸਿੰਘ ਨੇ ਪਤਨੀ ਸੁਨੀਤਾ (39) ਸਮੇਤ ਕੱਲ੍ਹ ਪਿੰਡ ਕੱਚਾ ਪੱਕਾ ਦੇ ਕੋਲ ਜਾ ਕੇ ਸ਼ਾਮ ਕਰੀਬ ਸਾਢੇ ਚਾਰ ਵਜੇ ਜ਼ਹਿਰੀਲਾ ਪਦਾਰਥ ਨਿਗਲ ਲਿਆ। ਇਸ ਤੋਂ ਪਹਿਲਾਂ ਉਨ੍ਹਾਂ ਨੇ ਇਸ ਦੀ ਜਾਣਕਾਰੀ ਫੋਨ ਕਰ ਕੇ ਗੁਆਂਢ ਰਹਿੰਦੇ ਬਲਦੇਵ ਸਿੰਘ ਨੂੰ ਦਿੱਤੀ, ਪਰ ਉਨ੍ਹਾਂ ਦੇ ਉਥੇ ਪਹੁੰਚਣ ਤੋਂ ਪਹਿਲਾਂ ਦੋਵਾਂ ਦੀ ਮੌਤ ਹੋ ਚੁੱਕੀ ਸੀ। ਪਰਵਾਰ ਦੀ ਸਹਿਮਤੀ ਨਾਲ ਪੁਲਸ ਕਾਰਵਾਈ ਨਹੀਂ ਕਰਵਾਈ ਗਈ।

# ਕੈਦੀਆਂ ਦੇ ਆਚਰਨ ਵਿੱਚ ਸੁਧਾਰ ਲਈ ਸੁਧਾਰਾਤਮਕ ਕਦਮ ਚੁੱਕਣ ਦੀ ਲੋੜ: ਭਗਵੰਤ ਮਾਨ

* ਲੋੜੀਂਦੀ ਮਾਨਵੀ ਸ਼ਕਤੀ, ਆਈ.ਟੀ. ਅਧਾਰਤ ਨਵੀਨਤਮ ਤਕਨਾਲੋਜੀ ਅਤੇ ਢੁੱਕਵੇਂ ਫੰਡਾਂ ਲਈ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ



ਚੰਡੀਗੜ, 30 ਮਾਰਚ (ਗਿਆਨ ਸਿੰਘ)- ਜੇਲ ਪ੍ਰਸ਼ਾਸਨ ਵਿੱਚ ਵਿਆਪਕ ਸੁਧਾਰਾਂ ਦੀ ਲੋੜ ’ਤੇ ਜ਼ੋਰ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਜੇਲ ਵਿਭਾਗ ਦੇ ਅਧਿਕਾਰੀਆਂ ਨੂੰ ਪੰਜਾਬ ਦੀ ਜੇਲ ਪ੍ਰਣਾਲੀ ਨੂੰ ਦੇਸ਼ ਭਰ ਵਿੱਚ ਸਭ ਤੋਂ ਬਿਹਤਰ ਬਣਾਉਣ ਲਈ ਆਪਣੀ ਪੂਰੀ ਸਮਰੱਥਾ ਅਤੇ ਕਾਬਲੀਅਤ ਨਾਲ ਮਿਲ ਕੇ ਕੰਮ ਕਰਨ ਲਈ ਕਿਹਾ।

ਪੰਜਾਬ ਭਵਨ ਵਿਖੇ ਜੇਲ ਵਿਭਾਗ ਦੀ ਪਲੇਠੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਸ਼ਬਦਾਂ ਨਾਲੋਂ ਕੰਮ ਦੀ ਕਾਰਗੁਜ਼ਾਰੀ ’ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਤੁਹਾਡੇ ਸਾਰਿਆਂ ਵੱਲੋਂ ਇੱਕ ਟੀਮ ਵਜੋਂ ਕੀਤੇ ਗਏ ਚੰਗੇ ਕੰਮਾਂ ਨੂੰ ਪ੍ਰਦਰਸ਼ਿਤ ਕਰਨ ਲਈ ਸਿਰਫ ਸਫਲਤਾ ਹੀ ਨਿਰਣਾਇਕ ਕਾਰਕ ਹੋਣੀ ਚਾਹੀਦੀ ਹੈ। ਜੇਲ ਵਿਭਾਗ ਵੱਲੋਂ ਕੀਤੀਆਂ ਗਈਆਂ ਅਹਿਮ ਪਹਿਲਕਦਮੀਆਂ ਲਈ ਸਮੁੱਚੀ ਟੀਮ ਦੀ ਸ਼ਲਾਘਾ ਕਰਦਿਆਂ ਮਾਨ ਨੇ ਕਿਹਾ ਕਿ ਤੁਹਾਨੂੰ ਜੇਲ ਪ੍ਰਣਾਲੀ ਦੇ ਤੇਲੰਗਾਨਾ ਮਾਡਲ ਦੇ ਮਾਪਦੰਡਾਂ ਨੂੰ ਪਾਰ ਕਰਨ ਲਈ ਉੱਤਮ ਕਾਰਗੁਜ਼ਾਰੀ ਵਿਖਾਉਣੀ ਹੋਵੇਗੀ। ਉਨਾਂ ਵਿਭਾਗ ਨੂੰ ਲੋੜੀਂਦੀ ਮਨੁੱਖੀ ਸ਼ਕਤੀ, ਆਈਟੀ ਅਧਾਰਤ ਨਵੀਨਤਮ ਤਕਨਾਲੋਜੀ ਅਤੇ ਢੁੱਕਵੇਂ ਫੰਡਾਂ ਸਮੇਤ ਹਰ ਤਰਾਂ ਦੇ ਸਮਰਥਨ ਦਾ ਭਰੋਸਾ ਦਿੱਤਾ।

ਭਗਵੰਤ ਮਾਨ ਨੇ ਅੱਗੇ ਕਿਹਾ ਕਿ ਸਾਡਾ ਮੁੱਖ ਟੀਚਾ ਕੱਟੜ ਅਪਰਾਧੀਆਂ, ਗੈਂਗਸਟਰਾਂ ਅਤੇ ਨਸ਼ੇ ਦੇ ਆਦੀਆਂ ਸਮੇਤ ਕੈਦੀਆਂ ਨੂੰ ਸੁਧਾਰਨਾ ਹੋਣਾ ਚਾਹੀਦਾ ਹੈ ਤਾਂ ਜੋ ਉਨਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਂਦਾ ਜਾ ਸਕੇ। ਉਨਾਂ ਕਿਹਾ ਕਿ ਜੇਲਾਂ ਨੂੰ ਤਸ਼ੱਦਦ ਕੇਂਦਰ ਨਹੀਂ ਕਰਨਾ ਚਾਹੀਦਾ ਸਗੋਂ ਉਨਾਂ ਨੂੰ ਸੁਧਾਰ ਘਰ ਬਣਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਕੈਦੀਆਂ ਨੂੰ ਕਾਉਂਸਲਿੰਗ ਪ੍ਰਦਾਨ ਕੀਤੀ ਜਾ ਸਕੇ ਜਿਸ ਨਾਲ ਉਹ ਆਪਣੀ ਸਜਾ ਭੁਗਤਣ ਤੋਂ ਬਾਅਦ ਸਮਾਜ ਦੇ ਆਦਰਸ਼ ਨਾਗਰਿਕ ਬਣ ਕੇ ਸਨਮਾਨ ਨਾਲ ਜੀਵਨ ਬਤੀਤ ਕਰ ਸਕਣ।

ਜੇਲ ਵਿਭਾਗ ਦੇ ਅਧਿਕਾਰੀਆਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਭਗਵੰਤ ਮਾਨ ਨੇ ਪੁਲਿਸ ਵਿਭਾਗ ਦੀ ਤਰਜ਼ ’ਤੇ ਜੇਲ ਵਿਭਾਗ ਦੇ ਮੁਲਾਜਮਾਂ ਨੂੰ ਵੀ ਉਨਾਂ ਦੇ ਜਨਮ ਦਿਨ ’ਤੇ ਵਧਾਈ ਦੇਣ ਦੀ ਸਕੀਮ ਨੂੰ ਅੱਗੇ ਵਧਾਉਣ ਦਾ ਐਲਾਨ ਕੀਤਾ।

ਜੇਲ ਵਿਭਾਗ ਦੇ ਕੰਮਕਾਜ ਬਾਰੇ ਪੇਸ਼ਕਾਰੀ ਦਿੰਦਿਆਂ ਏਡੀਜੀਪੀ ਜੇਲਾਂ ਪੀ.ਕੇ. ਸਿਨਹਾ ਨੇ ਮੁੱਖ ਮੰਤਰੀ ਨੂੰ ਜੇਲ ਵਿਭਾਗ ਦਾ ਵੱਖਰਾ ਇੰਟੈਲੀਜੈਂਸ ਵਿੰਗ ਸਥਾਪਤ ਕਰਨ ਅਤੇ ਹਰ ਪੱਧਰ ’ਤੇ ਖਾਲੀ ਮਨਜੂਰ 46.98 ਫ਼ੀਸਦ ਖਾਲੀ ਅਸਾਮੀਆਂ ਨਾਲ ਭਰਨ ਲਈ ਤੁਰੰਤ ਭਰਤੀ ਪ੍ਰਕਿਰਿਆ ਸੁਰੂ ਕਰਨ ਦੀ ਅਪੀਲ ਕੀਤੀ।

# ਰੁਜ਼ਗਾਰ ਮੰਗਦੇ ਨੌਜਵਾਨ ਮੁੱਖ ਮੰਤਰੀ ਦੇ ਸ਼ਹਿਰ ਵਿੱਚ ਟੈਂਕੀ ਉਤੇ ਜਾ ਚੜ੍ਹੇ



ਸੰਗਰੂਰ, 30 ਮਾਰਚ (ਪੋਸਟ ਬਿਊਰੋ)- ਪੰਜਾਬ ਦੇ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਿਛਲੀਆਂ ਸਰਕਾਰਾਂ ਵਾਲਾ ਰਵੱਈਆ ਅਪਣਾਉਣ ਦੇ ਦੋਸ਼ ਹੇਠ ਬੇਰੁਜ਼ਗਾਰ ਨੌਜਵਾਨ ਲੜਕੇ-ਲੜਕੀਆਂ ਨੇ ਕੱਲ੍ਹ ਭਗਵੰਤ ਮਾਨ ਦੇ ਸ਼ਹਿਰੀ ਜ਼ਿਲਾ ਕੇਂਦਰ ਸੰਗਰੂਰ ਵਿੱਚ ਸਾਰਾ ਦਿਨ ਜ਼ੋਰਦਾਰ ਪ੍ਰਦਰਸ਼ਨ ਕੀਤੇ।

ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਦੇ 14ਵੇਂ ਦਿਨ ਕੱਲ੍ਹ ਅੱਠ ਨੌਜਵਾਨ ਮੁੰਡੇ-ਕੁੜੀਆਂ ਪਾਣੀ ਦੀ ਟੈਂਕੀ ਉੱਤੇ ਚੜ੍ਹ ਗਏ ਅਤੇ ਭਗਵੰਤ ਮਾਨ ਦੇ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਨਿੱਜੀ ਰਿਹਾਇਸ਼ ਤੋਂ ਕੁਝ ਦੂਰ ਸੜਕ ਕੰਢੇ ਧਰਨਾ ਲਾਈ ਬੈਠੇ ਨੌਜਵਾਨਾਂ ਨੇ ਕਿਹਾ ਕਿ ਉਨ੍ਹਾਂ ਨੇ ਸਾਲ 2016 ਦੌਰਾਨ ਪੰਜਾਬ ਪੁਲਸ ਦੇ ਸਿਪਾਹੀ ਦੀ ਭਰਤੀ ਲਈ ਟੈਸਟ ਦਿੱਤਾ ਸੀ ਅਤੇ ਭਰਤੀ ਸੂਚੀ ਵਿੱਚੋਂ ਲੱਗਭਗ 700 ਨੌਜਵਾਨਾਂ ਨੂੰ ਸਰਕਾਰ ਨੇ ਵੇਟਿੰਗ ਸੂਚੀ ਵਿੱਚ ਰੱਖ ਲਿਆ ਸੀ, ਜਦਕਿ ਉਨ੍ਹਾਂ ਵਿੱਚੋਂ ਬਹੁਤਿਆਂ ਦੇ ਮੈਡੀਕਲ ਅਤੇ ਵੈਰੀਫਿਕੇਸ਼ਨ ਦੀ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ। ਮੁੱਖ ਮੰਤਰੀ ਪਾਸ ਭਰਤੀ ਦੀ ਫਰਿਆਦ ਕਰਨ ਗਏ ਇਨ੍ਹਾਂ ਨੌਜਵਾਨਾਂ ਦੀ 22 ਮਾਰਚ ਨੂੰ ਮੁੱਖ ਮੰਤਰੀ ਦੇ ਓ ਐਸ ਡੀ ਸੁਖਵੀਰ ਸਿੰਘ ਨਾਲ ਬੈਠਕ ਕਰਾਈ ਗਈ, ਜਿਸ ਪਿੱਛੋਂ ਓ ਐਸ ਡੀ ਵੱਲੋਂ 28 ਮਾਰਚ ਨੂੰ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣ ਲਈ ਚੰਡੀਗੜ੍ਹ ਸੱਦਿਆ ਗਿਆ। ਓਥੇ ਪਹੁੰਚੇ ਨੌਜਵਾਨਾਂ ਨਾਲ ਮੁੱਖ ਮੰਤਰੀ ਦੀ ਥਾਂ ਫਿਰ ਓ ਐਸ ਡੀ ਨਾਲ ਮੀਟਿੰਗ ਕਰਵਾ ਦਿੱਤੀ, ਜਿਸ ਤੋਂ ਨਾਰਾਜ਼ ਇਨ੍ਹਾਂ ਨੌਜਵਾਨਾਂ ਨੇ ਸੰਗਰੂਰ ਦੇ ਪੂਨੀਆ ਟਾਵਰ ਲਾਗੇ ਦਿੱਲੀ-ਲੁਧਿਆਣਾ ਰੋਡ ਉੱਤੇ ਧਰਨਾ ਦੇ ਕੇ ਚੱਕਾ ਜਾਮ ਕਰ ਦਿੱਤਾ। ਫਿਰ ਉਹ ਹਰੀਪੁਰਾ ਰੋਡ ਵਿਖੇ ਪਾਣੀ ਵਾਲੀ ਟੈਂਕੀ ਉੱਤੇ ਚੜ੍ਹ ਗਏ। ਧਰਨਾਕਾਰੀਆਂ ਵਿੱਚੋਂ ਕੁਝ ਨੌਜਵਾਨ ਹੱਥਾਂ ਵਿੱਚ ਪੈਟਰੋਲ ਦੀਆਂ ਬੋਤਲਾਂ ਲੈ ਕੇ ਖੁਦਕੁਸ਼ੀ ਕਰਨ ਦੀ ਚਿਤਾਵਨੀ ਦੇ ਰਹੇ ਸਨ, ਜਿਸ ਨੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮੁਸੀਬਤ ਵਿੱਚ ਹੋਰ ਵਾਧਾ ਕਰ ਦਿੱਤਾ।

# ਸ਼ੈੱਡ ਢਹਿਣ ਨਾਲ ਦੋ ਮਜ਼ਦੂਰ ਔਰਤਾਂ ਦੀ ਮੌਤ, 13 ਜ਼ਖਮੀ

ਜ਼ੀਰਕਪੁਰ, 30 ਮਾਰਚ (ਪੋਸਟ ਬਿਊਰੋ)- ਜ਼ੀਰਕਪੁਰ-ਪਟਿਆਲਾ ਰੋਡ ਉੱਤੇ ਪਿੰਡ ਰਾਮਪੁਰ ਕਲਾਂ ਵਿਖੇ ਉਸਾਰੇ ਜਾ ਰਹੇ ਇੰਡਸਟਰੀਅਲ ਸ਼ੈੱਡ ਦੀ ਛੱਤ ਡਿੱਗਣ ਨਾਲ ਦੋ ਮਜ਼ਦੂਰ ਔਰਤਾਂ ਦੀ ਮੌਤ ਹੋ ਗਈ ਤੇ 13 ਮਜ਼ਦੂਰ ਜ਼ਖਮੀ ਹੋ ਗਏ। ਜ਼ਖਮੀਆਂ ਵਿੱਚੋਂ ਇੱਕ ਜਣੇ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਮਿਲੇ ਵੇਰਵਿਆਂ ਅਨੁਸਾਰ ਸਾਰੇ ਮਜ਼ਦੂਰ ਉਸਾਰੀ ਕਰਨ ਵਾਲੇ ਠੇਕੇਦਾਰ ਕੋਲ ਕੰਮ ਕਰਦੇ ਸਨ। ਪਤਾ ਲੱਗਾ ਹੈ ਕਿ ਵਧਾਇਕ ਅਜੀਤ ਸਿੰਘਪਾਲ ਸਿੰਘ ਕੋਹਲੀ ਦੇ ਭਰਾ ਗੁਰਜੀਤ ਸਿੰਘ ਕੋਹਲੀ ਵੱਲੋਂ ਗੱਡੀਆਂ ਦੇ ਟਾਇਰਾਂ ਦੀ ਸਟੋਰੇਜ ਲਈ ਇੱਥੇ ਵੇਅਰ ਹਾਊਸ ਬਣਾਇਆ ਜਾ ਰਿਹਾ ਸੀ। ਕੱਲ੍ਹ ਸਵੇਰੇ ਲੇਬਰ ਚਾਹ ਪੀ ਕੇ ਜਦ ਮੁੜ ਤੋਂ ਕੰਮ ਕਰਨ ਲੱਗੀ ਤਾਂ ਅਚਾਨਕ ਸਾਰਾ ਸ਼ੈੱਡ ਲੋਹੇ ਦੇ ਐਂਗਲਾਂ ਸਣੇ ਡਿੱਗ ਗਿਆ ਜਿਸ ਹੇਠਾਂ 15 ਦੇ ਕਰੀਬ ਮਜ਼ਦੂਰ ਦੱਬ ਕੇ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਬਾਹਰ ਕੱਢ ਕੇ ਹਸਪਤਾਲ ਪੁਚਾਇਆ। ਹਾਦਸੇ ਵਿੱਚ ਗੰਭੀਰ ਜ਼ਖਮੀ ਪੰਜ ਜਣਿਆਂ ਨੂੰ ਚੰਡੀਗੜ੍ਹ ਦੇ ਸੈਕਟਰ 32 ਹਸਪਤਾਲ ਲਿਜਾਇਆ ਗਿਆ, ਜਿੱਥੇ ਪਹੁੰਚਣ ਉੱਤੇ ਦੋ ਔਰਤਾਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਗਿਆ। ਜਦ ਕਿ ਬਾਕੀ ਜ਼ਖਮੀਆਂ ਨੂੰ ਡੇਰਾਬੱਸੀ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ।

# 10 ਕਰੋੜ ਦੇ ਫਰਜ਼ੀ ਫਰਮ ਕੇਸ ਵਿੱਚ ਇੱਕ ਗ੍ਰਿਫ਼ਤਾਰ

ਲੁਧਿਆਣਾ, 30 ਮਾਰਚ (ਪੋਸਟ ਬਿਊਰੋ)- ਸੈਂਟ੍ਰਲ ਜੀ ਐਸ ਟੀ ਕਮਿਸ਼ਨਰੇਟ ਦੀ ਐਂਟੀ ਐਵਸ਼ਿਨ ਵਿੰਗ ਨੇ 10 ਕਰੋੜਾਂ ਤੋਂ ਵੱਧ ਦੇ ਬੋਗਸ ਬਿਲਿੰਗ ਰਾਹੀਂ ਫਰਜ਼ੀ ਇਨਪੁੱਟ ਟੈਕਸ ਕ੍ਰੈਡਿਟ ਦੀ ਧੋਖਾਧੜੀ ਦਾ ਪਰਦਾਫਾਸ਼ ਕੀਤਾ ਹੈ।

ਵਿਭਾਗੀ ਕਾਰਵਾਈ ਵਿੱਚ ਪਤਾ ਲੱਗਾ ਕਿ ਫਰਜ਼ੀ ਫਰਮਾਂ ਦੀ ਮਦਦ ਨਾਲ ਗੁਰਬਖਸ਼ ਲਾਲ ਉਰਫ਼ ਹੈਪੀ ਨਾਗਪਾਲ ਅਤੇ ਯਸ਼ਪਾਲ ਮਹਿਤਾ ਵੱਲੋਂ ਫਰਮਾਂ ਨੂੰ ਚਲਾਇਆ ਜਾਂਦਾ ਸੀ। ਇੱਕ ਪ੍ਰਮੁੱਖ ਇੰਡਸਟ੍ਰੀਜ਼ ਦੇ ਮਾਲਕ ਨੂੰ ਵਿਭਾਗ ਨੇ ਕੱਲ੍ਹ ਗ੍ਰਿਫ਼ਤਾਰ ਕੀਤਾ ਤਾਂਜਾਂਚ ਦੌਰਾਨ ਰਾਜੇਸ਼ ਕੁਮਾਰ ਉਰਫ਼ ਸੋਨੂੰ ਨੇ ਆਪਣੇ ਸਵੈ-ਇੱਛਤ ਬਿਆਨਾਂ ਵਿੱਚ ਮੰਨਿਆ ਕਿ ਉਹ ਯਸ਼ਪਾਲ ਮਹਿਤਾ ਦੀ ਮਾਲਕੀ ਵਾਲੀਆਂ ਫਰਮਾਂ ਮੈਸਰਸ ਬੀ ਐਸ ਇੰਡਸਟ੍ਰੀਜ਼ ਅਤੇ ਆਈ ਐਨ ਇੰਟਰਨੈਸ਼ਨਲ ਦਾ ਲੈਣ ਦੇਣ ਕਰਦਾ ਸੀ। ਇਨ੍ਹਾਂ ਫਰਮਾਂ ਵਿੱਚ 6.25 ਕਰੋੜ ਦਾ ਆਈ ਟੀ ਸੀ ਵਸੂਲਿਆ ਗਿਆ ਸੀ। ਰਾਜੇਸ਼ ਕੁਮਾਰ ਉਰਫ਼ ਸੋਨੂੰ ਨੇ ਇਹ ਮੰਨਿਆ ਕਿ ਉਸ ਨੇ ਯਸ਼ਪਾਲ ਮਹਿਤਾ ਦੇ ਕਹਿਣ ਉੱਤੇ ਇੱਕ ਫਰਮ ਖੋਲ੍ਹੀ ਸੀ, ਜਿਸ ਨਾਲ ਲੱਗਭਗ 4.70 ਕਰੋੜ ਦੀ ਆਈ ਟੀ ਸੀ ਫਰਮ ਐਸ ਕੇ ਇੰਡਸਟ੍ਰੀਜ਼ ਤੋਂ ਲਾਭ ਲਿਆ ਸੀ। ਸੋਨੂੰ ਨੇ ਮੈਸਰਸ ਬੀ ਐਸ ਇੰਡਸਟ੍ਰੀਜ਼ ਅਤੇ ਆਈ ਐਨ ਇੰਟਰਨੈਸ਼ਨਲ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।ਯਸ਼ਪਾਲ ਮਹਿਤਾ ਰਾਹੀਂ ਅੱਗੇ ਇੱਕ ਫਰਜ਼ੀ ਫਰਮ ਐਸ ਇੰਡਸਟ੍ਰੀਜ਼ ਨੂੰ ਧੋਖਾਧੜੀ ਦੇ ਨਾਲ ਖੋਲ੍ਹਿਆ ਤੇ ਇਨ੍ਹਾਂ ਤਿੰਨ ਫਰਮਾਂ ਵਿੱਚ 10 ਕਰੋੜ ਤੋਂ ਜ਼ਿਆਦਾ ਆਈ ਟੀ ਸੀ ਦਾ ਲਾਭ ਉਠਾਇਆ। ਮਾਮਲੇ ਵਿੱਚ ਅੱਗੇ ਦੀ ਜਾਂਚ ਜਾਰੀ ਹੈ।

# ਤੇਜ਼ਾਬ ਪਾ ਕੇ ਆਪਣੇ ਘਰ ਦੇ ਚਾਰ ਜੀਅ ਜ਼ਖਮੀ ਕੀਤੇ

ਮੋਗਾ, 30 ਮਾਰਚ (ਪੋਸਟ ਬਿਊਰੋ)- ਏਥੋਂ ਦੀ ਜ਼ੀਰਾ ਰੋਡ ਉੱਤੇ ਇੱਕ ਗਲੀ ਵਿੱਚ ਇੱਕ ਵਿਅਕਤੀ ਨੇ ਆਪਣੀ ਪਤਨੀ, ਸੱਸ, ਪੁੱਤਰ ਅਤੇ ਸਾਲੀ ਦੇ ਲੜਕੇ ਉੱਤੇ ਤੇਜ਼ਾਬ ਪਾ ਕੇ ਜ਼ਖਮੀ ਕਰ ਦਿੱਤਾ। ਇਸ ਘਟਨਾ ਵਿੱਚ ਤੇਜ਼ਾਬ ਪਾਉਣ ਵਾਲਾ ਵਿਅਕਤੀ ਖੁਦ ਵੀ ਤੇਜ਼ਾਬ ਦੀ ਲਪੇਟ ਵਿੱਚ ਆ ਕੇ ਝੁਲਸ ਗਿਆ।

ਸਰਕਾਰੀ ਹਸਪਤਾਲ ਵਿੱਚ ਦਾਖਲ ਸਰਬਜੀਤ ਕੌਰ ਦੇ ਦੱਸਣ ਮੁਤਾਬਕ ਉਸ ਦਾ ਵਿਆਹ 15 ਸਾਲ ਪਹਿਲਾਂ ਸੁਰਿੰਦਰ ਸਿੰਘ ਵਾਸੀ ਜ਼ੀਰਾ ਰੋਡ ਮੋਗਾ ਨਾਲ ਹੋਇਆ ਸੀ। ਉਸ ਦੇ ਦੋ ਬੱਚੇ ਹਨ। ਪਤੀ ਨਸ਼ੇ ਦਾ ਆਦੀ ਹੈ ਅਤੇ ਰੋਜ਼ਾਨਾ ਹੀ ਉਸ ਦੀ ਮਾਰਕੁੱਟ ਕਰਦਾ ਹੈ। ਉਸ ਨੇ ਆਪਣੇ ਇੱਕ ਲੜਕੇ ਵਿਸ਼ ਕੁਮਾਰ ਨੂੰ ਪੇਕੇ ਘਰ ਸੁਲਤਾਨਪੁਰ ਭੇਜ ਦਿੱਤਾ ਤੇ ਖੁਦ ਕਿਸੇ ਫੈਕਟਰੀ ਵਿੱਚ ਨੌਕਰੀ ਕਰ ਲਈ। ਸੋਮਵਾਰ ਰਾਤ ਉਸ ਦੇ ਪਤੀ ਨੇ ਨਸ਼ੇ ਦੀ ਹਾਲਤ ਵਿੱਚ ਉਸ ਦੀ ਮਾਰਕੁੱਟ ਕੀਤੀ ਅਤੇ ਵਾਲਾਂ ਤੋਂ ਫੜ ਕੇ ਘਸੀਟਦੇ ਹੋਏ ਉਸ ਨੂੰ ਗਲੀ ਵਿੱਚ ਖਿੱਚ ਲਿਆਇਆ। ਉਸ ਦਾ ਰੌਲਾ ਸੁਣ ਕੇ ਆਸਪਾਸ ਦੇ ਲੋਕਾਂ ਨੇ ਉਸ ਨੂੰ ਛੁਡਵਾਇਆ। ਉਸ ਨੇ ਆਪਣੀ ਜਾਨ ਬਚਾਉਣ ਲਈ ਰਾਤ ਨੂੰ ਆਪਣੇ ਗੁਆਂਢ ਕਿਸੇ ਦੇ ਘਰ ਵਿੱਚ ਸ਼ਰਨ ਲਈ ਤੇ ਆਪਣੀ ਮਾਤਾ ਨੂੰ ਵੀ ਫੋਨ ਉੱਤੇ ਸਾਰੀ ਗੱਲ ਦੱਸੀ। ਸਵੇਰੇ ਉਸ ਦੀ ਮਾਤਾ ਕਸ਼ਮੀਰ ਕੌਰ, ਭਾਣਜਾ ਅਜੈ ਕੁਮਾਰ ਤੇ ਉਸ ਦਾ ਲੜਕਾ ਵਿਸ਼ ਕੁਮਾਰ ਸੁਲਤਾਨਪੁਰ ਤੋਂ ਮੋਗੇ ਉਸ ਕੋਲ ਆਏ ਅਤੇ ਉਹ ਉਨ੍ਹਾਂ ਨੂੰ ਆਪਣੇ ਨਾਲ ਘਰ ਲੈ ਗਈ। ਜਦੋਂ ਉਸ ਨੇ ਘਰ ਦਾ ਗੇਟ ਖੜਕਾਇਆ ਤਾਂ ਉਸ ਦੇ ਪਤੀ ਨੇ ਦਰਵਾਜ਼ਾ ਖੋਲ੍ਹਦਿਆਂ ਸਾਰ ਉਨ੍ਹਾਂਉਤੇ ਤੇਜ਼ਾਬ ਪਾ ਦਿੱਤਾ ਤੇ ਚਾਰੇ ਜਣੇ ਝੁਲਸ ਗਏ। ਇਸ ਘਟਨਾ ਦੌਰਾਨ ਉਸ ਦੇ ਪਤੀ ਦੇ ਚਿਹਰੇ ਉੱਤੇ ਵੀ ਤੇਜ਼ਾਬ ਪੈਣ ਕਰ ਕੇ ਉਹ ਝੁਲਸ ਗਿਆ।ਝੁਲਸੇ ਪੰਜਾਂ ਜਣਿਆਂ ਨੂੰ ਸਰਕਾਰੀ ਹਸਪਤਾਲ ਦਾਖਲ ਕਰਾਇਆ ਗਿਆ।

Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU

647.539.3020

1450 Meyerside Drive, Suite 308, Mississauga

2 OFFICES TO SERVE YOU

55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਜਿਲ੍ਹਾ ਐਨ ਜੀ ਓ ਕੋਆਰਡੀਨੇਸ਼ਨ ਕਮੇਟੀ ਦੀ ਹੋਈ ਚੋਣ, 65 ਮੈਂਬਰੀ ਕਮੇਟੀ ਦਾ ਕੀਤਾ ਗਿਆ ਗਠਨ

*ਮਹਿੰਦਰ ਪਾਲ ਲੂੰਬਾ ਚੇਅਰਮੈਨ, ਗੁਰਸੇਵਕ ਸਿੰਘ ਸੰਨਿਆਸੀ ਪ੍ਰਧਾਨ, ਅਮਰਜੀਤ ਜੱਸਲ ਜਨਰਲ ਸਕੱਤਰ, ਚੁਣੇ ਗਏ



ਮੋਗਾ 30 ਮਾਰਚ (ਪੋਸਟ ਬਿਓਰੋ) ਮੋਗਾ ਜਿਲ੍ਹੇ ਦੀਆਂ ਪੇਂਡੂ ਅਤੇ ਸ਼ਹਿਰੀ ਸਮਾਜ ਸੇਵੀ ਸੰਸਥਾਵਾਂ ਦੇ ਏਕੇ ਤੇ ਆਧਾਰਿਤ ਜਿਲ੍ਹਾ ਐਨ ਜੀ ਓ ਕੋਆਰਡੀਨੇਸ਼ਨ ਕਮੇਟੀ ਮੋਗਾ ਦੀ ਚੋਣ ਰੂਰਲ ਐੱਨ ਜੀ ਓ ਮੋਗਾ ਦੇ ਦਫਤਰ ਬਸਤੀ ਗੋਬਿੰਦਗੜ੍ਹ ਮੋਗਾ ਵਿਖੇ ਹੋਈ, ਜਿਸ ਵਿੱਚ ਪਿੰਡਾਂ ਅਤੇ ਸ਼ਹਿਰਾਂ ਦੀਆਂ 51 ਸਮਾਜ ਸੇਵੀ ਸੰਸਥਾਵਾਂ ਨੇ ਹਿੱਸਾ ਲਿਆ। ਇਨ੍ਹਾਂ ਸੰਸਥਾਵਾਂ ਦੇ ਐਕਟਿਵ ਮੈਂਬਰਾਂ ਨੂੰ ਲੈ ਕੇ ਇੱਕ 65 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਹ ਚੋਣ ਜਿਲ੍ਹਾ ਐਨ ਜੀ ਓ ਕੋਆਰਡੀਨੇਟਰ ਦਰਸ਼ਨ ਸਿੰਘ ਵਿਰਦੀ, ਪੇਂਡੂ ਕਲੱਬਾਂ ਦੇ ਕੋਆਰਡੀਨੇਟਰ ਸੁਖਦੇਵ ਸਿੰਘ ਬਰਾੜ ਅਤੇ ਇਸਤਰੀ ਐਨ ਜੀ ਓ ਕੋਆਰਡੀਨੇਟਰ ਮੈਡਮ ਪ੍ਰੋਮਿਲਾ ਕੁਮਾਰੀ ਦੀ ਦੇਖ ਰੇਖ ਹੇਠ ਹੋਈ। 65 ਮੈਂਬਰੀ ਕਮੇਟੀ ਵਿੱਚੋਂ ਸਰਬਸੰਮਤੀ ਨਾਲ ਹੋਈ ਇਸ ਚੋਣ ਵਿੱਚ ਹਰਜਿੰਦਰ ਸਿੰਘ ਚੁਗਾਵਾਂ ਨੂੰ ਸਰਪ੍ਰਸਤ, ਮਹਿੰਦਰ ਪਾਲ ਲੂੰਬਾ ਨੂੰ ਚੇਅਰਮੈਨ, ਗੁਰਸੇਵਕ ਸਿੰਘ ਸੰਨਿਆਸੀ ਨੂੰ ਪ੍ਰਧਾਨ, ਅਮਰਜੀਤ ਜੱਸਲ ਨੂੰ ਜਨਰਲ ਸਕੱਤਰ, ਨਰਿੰਦਰ ਪਾਲ ਸਹਾਰਨ ਨੂੰ ਸਹਾਇਕ ਸਕੱਤਰ, ਕ੍ਰਿਸ਼ਨ ਸੂਦ ਨੂੰ ਕੈਸ਼ੀਅਰ, ਭਵਨਦੀਪ ਪੁਰਬਾ ਨੂੰ ਪ੍ਰੈੱਸ ਸਕੱਤਰ ਅਤੇ ਪੁਨੀਤ ਸੱਗੂ ਨੂੰ ਸਹਾਇਕ ਪ੍ਰੈੱਸ ਸਕੱਤਰ, ਪਰਮਜੀਤ ਸਿੰਘ ਖਾਲਸਾ ਅਤੇ ਕੁਲਦੀਪ ਸਿੰਘ ਕਲਸੀ ਨੂੰ ਸ਼ੋਸ਼ਲ ਮੀਡੀਆ ਇੰਚਾਰਜ, ਐਡ. ਦਿਨੇਸ਼ ਗਰਗ ਅਤੇ ਬਲਰਾਜ ਗੁਪਤਾ ਨੂੰ ਲੀਗਲ ਐਡਵਾਈਜ਼ਰ ਅਤੇ ਗੁਰਪ੍ਰੀਤ ਸਚਦੇਵਾ ਨੂੰ ਪ੍ਰੋਜੈਕਟ ਇੰਚਾਰਜ ਚੁਣਿਆ ਗਿਆ।

ਇਸ ਤੋਂ ਇਲਾਵਾ ਗਿਆਨ ਸਿੰਘ, ਹਰਭਜਨ ਸਿੰਘ ਬਹੋਨਾ, ਬਲਜੀਤ ਸਿੰਘ ਚਾਨੀ, ਗੁਰਨਾਮ ਸਿੰਘ ਲਵਲੀ, ਦਵਿੰਦਰਜੀਤ ਸਿੰਘ ਗਿੱਲ, ਓ.ਪੀ. ਕੁਮਾਰ, ਦੀਪਕ ਅਰੋੜਾ, ਜਸਵਿੰਦਰ ਰੱਖਰਾ, ਡਾ ਜਸਵੰਤ ਸਿੰਘ, ਪ੍ਰਿਆਵਰਤ ਗੁਪਤਾ, ਦਵਿੰਦਰਪਾਲ ਸਿੰਘ ਰਿੰਪੀ, ਹਰਪ੍ਰੀਤ ਖੀਵਾ, ਹਰਜਿੰਦਰ ਘੋਲੀਆ, ਬੇਅੰਤ ਕੌਰ ਗਿੱਲ, ਮਨਦੀਪ ਕਟਾਰੀਆ, ਪ੍ਰਿੰਸ ਅਰੋੜਾ, ਸੰਜੀਵ ਨਰੂਲਾ, ਕੰਵਲਜੀਤ ਮਹੇਸਰੀ, ਕਮਲਜੀਤ ਸਿੰਘ ਧੂੜਕੋਟ, ਡਾ ਸਰਬਜੀਤ ਕੌਰ ਬਰਾੜ, ਪ੍ਰਿਤਪਾਲ ਸਿੰਘ, ਰਾਜੇਸ਼ ਅਰੋੜਾ, ਵਿਜੇ ਸ਼ਰਮਾ, ਰਣਜੀਤ ਧਾਲੀਵਾਲ, ਦਰਸ਼ਨ ਲੋਪੋ, ਜੱਜ ਜੈਮਲਵਾਲਾ, ਬਲਰਾਜ ਸਿੰਘ ਸਮਾਲਸਰ, ਪ੍ਰੇਮਜੀਤ ਸ਼ਰਮਾ, ਕਮਲਜੀਤ ਸੈਦੋਕੇ, ਗੁਰਚਰਨ ਸਿੰਘ ਰਾਜੂ ਪੱਤੋ, ਅਜੇ ਕਾਂਸਲ, ਜਸਵਿੰਦਰ ਸ਼ਰਮਾ ਘੱਲਕਲਾਂ, ਵੀ.ਪੀ. ਸੇਠੀ, ਮੀਨਾ ਸ਼ਰਮਾ, ਕੁਲਵਿੰਦਰ ਸਿੰਘ ਸੋਨੂੰ, ਇਕਬਾਲ ਖੋਸਾ, ਜਸਵੰਤ ਪੁਰਾਣੇਵਾਲਾ, ਅਕਬਰ ਚੜਿੱਕ, ਰੇਸ਼ਮ ਸਿੰਘ ਜੀਤਾ ਸਿੰਘ ਵਾਲਾ, ਰਾਜ ਕੁਮਾਰ ਘੋਲੀਆ, ਪੀ.ਐਨ. ਮਿੱਤਲ, ਪੁਨੀਤ ਬਾਂਸਲ, ਕੇਵਲ ਕ੍ਰਿਸ਼ਨ, ਵਿਸ਼ਾਲ ਅਰੋੜਾ, ਕਪਿਲ ਭਾਰਤੀ, ਪ੍ਰਿਤਪਾਲ ਸਿੰਘ ਲੱਕੀ, ਗੋਕਲ ਚੰਦ, ਬੇਅੰਤ ਕੌਰ ਧਰਮਕੋਟ ਅਤੇ ਸੁਖਵਿੰਦਰ ਸਿੰਘ ਬੁੱਘੀਪੁਰਾ, ਮਨਜੀਤ ਕਾਂਸਲ ਅਤੇ ਗੌਰਵ ਸ਼ਰਮਾ ਧਰਮਕੋਟ ਨੂੰ ਐਗਜੈਕਟਿਵ ਮੈਂਬਰ ਨਿਯੁਕਤ ਕੀਤਾ ਗਿਆ।

ਇਸ ਮੌਕੇ ਨਵੇਂ ਚੁਣੇ ਗਏ ਪ੍ਰਧਾਨ ਗੁਰਸੇਵਕ ਸੰਨਿਆਸੀ ਜੀ ਨੇ ਆਪਣੀ ਟੀਮ ਸਮੇਤ ਇਮਾਨਦਾਰੀ ਨਾਲ ਕੰਮ ਕਰਨ ਦਾ ਪ੍ਰਣ ਕਰਦਿਆਂ ਕਿਹਾ ਐਨ.ਜੀ.ਓ. ਕਮੇਟੀ ਦੀ ਮੈਂਬਰਸ਼ਿਪ 6 ਅਪ੍ਰੈਲ ਤੱਕ ਜਾਰੀ ਰਹੇਗੀ। ਚਾਹਵਾਨ ਰਜਿਸਟਰਡ ਸੰਸਥਾਵਾਂ ਮੈਂਬਰਸ਼ਿਪ ਲਈ ਸੰਪਰਕ ਕਰ ਸਕਦੀਆਂ ਹਨ। ਉਹਨਾਂ ਦੱਸਿਆ ਕਿ ਇਸੇ ਹਫਤੇ ਸਾਡਾ ਇੱਕ ਵਫਦ ਡਿਪਟੀ ਕਮਿਸ਼ਨਰ ਮੋਗਾ ਨੂੰ ਮਿਲੇਗਾ ਅਤੇ ਅਗਲੀ ਮੀਟਿੰਗ 6 ਅਪ੍ਰੈਲ ਨੂੰ ਸ਼ਾਮ 3 ਵਜੇ ਸ਼ਹੀਦ ਭਗਤ ਸਿੰਘ ਆਈ ਟੀ ਆਈ ਕੱਚਾ ਦੁਸਾਂਝ ਰੋਡ ਮੋਗਾ ਵਿਖੇ ਰੱਖੀ ਗਈ ਹੈ, ਉਸ ਤੋਂ ਪਹਿਲਾਂ ਬੁੱਧਵਾਰ ਨੂੰ ਚੁਣੀ ਗਈ ਕਮੇਟੀ ਦੀ ਮੀਟਿੰਗ ਕੀਤੀ ਜਾਵੇਗੀ ਜਿਸ ਵਿੱਚ ਸੰਸਥਾ ਦਾ ਸੰਵਿਧਾਨ ਅਤੇ ਕਾਇਦੇ ਕਨੂੰਨ ਤੈਅ ਕੀਤੇ ਜਾਣਗੇ ਅਤੇ ਸੰਸਥਾ ਦੀ ਰਜਿਸਟ੍ਰੇਸ਼ਨ ਦੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਇਸ ਮੌਕੇ ਉਕਤ ਤੋਂ ਇਲਾਵਾ ਹੋਰ ਵੀ ਸਮਾਜ ਸੇਵੀ ਸਖਸ਼ੀਅਤਾਂ ਹਾਜਰ ਸਨ।

ਅਮਰੀਕੀ ਰਾਸ਼ਟਰਪਤੀ ਚੋਣਾਂ ਬਾਰੇ ਟਿੱਪਣੀ

## ਜੱਜ ਨੇ ਕਿਹਾ, ਟਰੰਪ ਨੇ ਧਾਂਦਲੀ ਤੇ ਤਖਤਾ ਪਲਟ ਦੀ ਕੋਸ਼ਿਸ਼ ਕੀਤੀ



ਵਾਸ਼ਿੰਗਟਨ, 30 ਮਾਰਚ (ਪੋਸਟ ਬਿਊਰੋ)- ਅਮਰੀਕਾ ਦੇ ਇੱਕ ਫੈਡਰਲ ਜੱਜ ਨੇ ਆਪਣੇ ਫੈਸਲੇ ਵਿੱਚ ਸਾਫ ਕਿਹਾ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਲ 2020 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਘੱਟੋ-ਘੱਟ ਤਖਤਾਪਲਟ ਦੀ ਕੋਸ਼ਿਸ਼ ਤਾਂ ਕੀਤੀ ਹੀ ਸੀ। ਉਨ੍ਹਾਂ ਨੇ ਆਪਣੇ ਇੱਕ ਵਕੀਲ ਦੀ ਸਲਾਹ ਉਤੇ ਇਹ ਤਰੀਕੇ ਵਰਤੇ। ਇਸ ਤੋਂ ਇਲਾਵਾ ਉਨ੍ਹਾਂ ਆਪਣੇ ਸਮਰਥਕਾਂ ਜ਼ਰੀਏ ਤੇ ਆਪਣੇ ਉਪ ਰਾਸ਼ਟਰਪਤੀ ਉਤੇ ਦਬਾਅ ਪਾ ਕੇ ਕਾਂਗਰਸ ਦਾ ਕੰਮਕਾਜ ਪ੍ਰਭਾਵਤ ਕਰਨ ਦੀ ਕੋਸ਼ਿਸ਼ ਕੀਤੀ ਤੇ ਅਮਰੀਕੀ ਚੋਣਾਂ ਵਿੱਚ ਆਪਣੀ ਹਾਰ ਨੂੰ ਜਿੱਤ ਵਿੱਚ ਬਦਲਣ ਦੀ ਸਾਜ਼ਿਸ ਰਚੀ ਸੀ।

ਲਾਸ ਏਂਜਲਸ ਵਿੱਚ ਅਮਰੀਕੀ ਜ਼ਿਲ੍ਹਾ ਜੱਜ ਡੇਵਿਡ ਓ ਕਾਰਟਰ ਨੇ ਲਿਖਤੀ ਫੈਸਲੇ ਵਿੱਚ ਕਿਹਾ ਕਿ ਛੇ ਜਨਵਰੀ 2021 ਨੂੰ ਯੂ ਐਸ ਕੈਪੀਟਲ ਉਤੇ ਹਮਲੇ ਦੀ ਜਾਂਚ ਕਰਨ ਵਾਲੀ ਅਮਰੀਕੀ ਪ੍ਰਤੀਨਿਧ ਸਭਾ ਦੀ ਕਮੇਟੀ ਨੇ ਜਾਂਚ ਵਿੱਚ ਪਾਇਆ ਕਿ ਟਰੰਪ ਦੇ ਓਦੋਂ ਦੇ ਵਕੀਲ ਜਾਨ ਈਸਟਮੈਨ ਦੇ ਟਰੰਪ ਨੂੰ ਲਿਖੇ ਈ-ਮੇਲਾਂ ਤੋਂ ਇਸ ਦੀ ਸੱਚਾਈ ਸਾਹਮਣੇ ਆ ਜਾਵੇਗੀ। ਉਨ੍ਹਾਂ ਕਿਹਾ ਕਿ ਜਾਂਚ ਕਮੇਟੀ ਨੂੰ ਇਹ ਈ-ਮੇਲ ਦੇਖਣ ਦਾ ਅਧਿਕਾਰ ਹੈ। ਜੱਜ ਨੇ ਜੌਨ ਈਸਟਮੈਨ ਦੇ ਇਸ ਸਿਵਲ ਕੇਸ ਵਿੱਚ ਕਿਹਾ ਹੈ ਕਿ ਕਮੇਟੀ ਇਸ ਆਧਾਰ ਉਤੇ ਮਾਮਲੇ ਨੂੰ ਅਪਰਾਧ ਵਜੋਂ ਦਰਜ ਕਰਨਾ ਚਾਹੁੰਦੀ ਹੈ।

ਮੰਨਿਆ ਜਾ ਰਿਹਾ ਹੈ ਕਿ ਟਰੰਪ ਨੇ ਇਹ ਅਪਰਾਧ ਕੀਤਾ ਹੈ। ਟਰੰਪ ਉਤੇ ਹਾਲੇ ਕਿਸੇ ਅਪਰਾਧ ਦਾ ਕੋਈ ਦੋਸ਼ ਦਰਜ ਨਹੀਂ ਕੀਤਾ ਗਿਆ। ਜੱਜ ਨੇ ਆਪਣੇ ਫੈਸਲੇ ਵਿੱਚ ਉਨ੍ਹਾਂ ਉਤੇ ਫੌਰੀ ਤੌਰ ਉੱਤੇ ਕੋਈ ਕਾਨੂੰਨੀ ਦੋਸ਼ੀ ਨਹੀਂ ਲਗਾਏ, ਪਰ ਇਸ ਨਾਲ ਕਾਂਗਰਸ ਦੀਆਂ ਉਨ੍ਹਾਂ ਦਲੀਲਾਂ ਨੂੰ ਬਲ ਮਿਲਿਆ ਹੈ ਜਿਸ ਵਿੱਚ ਕਿਹਾ ਜਾ ਰਿਹਾ ਹੈ ਕਿ ਟਰੰਪ ਨੇ ਜੋਅ ਬਾਇਡੇਨ ਦੇ ਇਲੈਕਟ੍ਰੋਲ ਕਾਲਜ ਦੀ ਜਿੱਤ ਨੂੰ ਅਪਰਾਧਕ ਸਾਜ਼ਿਸ਼ ਤਹਿਤ ਰੋਕਣ ਦੀ ਕੋਸ਼ਿਸ਼ ਕੀਤੀ ਸੀ।

## ਆਸਾਮ-ਮੇਘਾਲਿਆ ਦਾ 50 ਸਾਲ ਪੁਰਾਣਾ ਸਰਹੱਦੀ ਵਿਵਾਦ ਖਤਮ



ਨਵੀਂ ਦਿੱਲੀ, 30 ਮਾਰਚ (ਪੋਸਟ ਬਿਊਰੋ)- ਆਸਾਮ ਅਤੇ ਮੇਘਾਲਿਆ ਦੀਆਂ ਸਰਕਾਰਾਂ ਨੇ ਆਪਣੇ 50 ਸਾਲ ਪੁਰਾਣੇ ਅਟਕੇ ਸਰਹੱਦੀ ਵਿਵਾਦ ਨੂੰ ਸੁਝਲਾਉਣ ਲਈ ਕੱਲ੍ਹ ਸ਼ਾਮ ਦੇਸ਼ ਦੀ ਰਾਜਧਾਨੀ ਵਿੱਚ ਇੱਕ ਸਮਝੌਤੇ ਉੱਤੇ ਦਸਤਖਤ ਕੀਤੇ। ਆਸਾਮ ਦੇ ਮੁੱਖ ਮੰਤਰੀ ਹੇਮੰਤ ਬਿਲਵਾ ਸਰਮਾ ਤੇ ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਸੰਗਮਾ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੌਜੂਦਗੀ ਵਿੱਚ ਅੰਤਰਰਾਜੀ ਸਰਹੱਦੀ ਮੁੱਦਿਆਂ ਉੱਤੇ ਸਹਿਮਤੀ ਬਣਾਈ ਹੈ।

ਇਸ ਮੌਕੇ ਉੱਤੇ ਅਮਿਤ ਸ਼ਾਹ ਨੇ ਕਿਹਾ ਕਿ ਵਿਵਾਦ ਮੁਕਤ ਪੂਰਬ-ਉਤਰ ਲਈ ਅੱਜ ਦਾ ਦਿਨ ਇਤਿਹਾ-ਸਕ ਹੈ। ਇਸ ਦੌਰਾਨ ਕੋਨਰਾਡ ਸੰਗਮਾ ਨੇ ਕਿਹਾ, 'ਸਭ ਤੋਂ ਪਹਿਲਾਂ ਮੈਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਧੰਨਵਾਦ ਦੇਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਸਾਨੂੰ ਪੂਰਬ-ਉਤਰ ਸੂਬਿਆਂ ਵਿੱਚ ਸਰਹੱਦੀ ਵਿਵਾਦਾਂ ਨੂੰ ਸੁਲਝਾਉਣ ਦਾ ਨਿਰਦੇਸ਼ ਦਿੱਤਾ। ਅੱਜਸੰਕਲਪ ਦਾ ਪਹਿਲਾ ਪੜਾਅ ਪੂਰਾ ਹੋ ਚੁੱਕਾ ਹੈ।ਇਹ ਆਸਾਮ ਦੇ ਮੁੱਖ ਮੰਤਰੀ ਹੇਮੰਤ ਬਿਸ਼ਵਾ ਸ਼ਰਮਾ ਦੇ ਕਾਰਨ ਹੀ ਹੋ ਸਕਿਆ ਹੈ। ਮੈਂ ਕਮੇਟੀ ਦੇ ਸਾਰੇ ਮੈਂਬਰਾਂ ਅਤੇ ਦੋਵਾਂ ਰਾਜਾਂ ਦੇ ਅਧਿਕਾਰੀਆਂ ਨੂੰ ਵੀ ਧੰਨਵਾਦ ਦੇਣਾ ਚਾਹੁੰਦਾ ਹਾਂ। ਅਸੀਂ ਆਪਣੇ ਸੂਬਿਆਂ ਵਿਚਾਲੇ ਹੋਰ ਮਤਭੇਦਾਂ ਨੂੰ ਵੀ ਛੇਤੀ ਤੋਂ ਛੇਤੀ ਸੁਲਝਾਉਣ ਦੀ ਕੋਸ਼ਿਸ਼ ਕਰਾਂਗੇ।'

ਆਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਅਤੇ ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਸੰਗਮਾ ਨੇ ਦੋਵਾਂ ਸੂਬਿਆਂ ਦੇ ਚੀਫ ਸੈਕਟਰੀਆਂ ਦੇ ਨਾਲ ਇਨ੍ਹਾਂ ਸੂਬਿਆਂ ਦੇ ਹੋਰ ਅਧਿਕਾਰੀਆਂ ਅਤੇ ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਸਮਝੌਤੇ ਉੱਤੇਦਸਤਖਤ ਕੀਤੇ। ਇਸ ਤੋਂ ਪਹਿਲਾਂ ਗ੍ਰਹਿ ਮਤੰਰਾਲੇ ਨਾਲ ਆਖਰੀ ਦੌਰ ਦੀ ਚਰਚਾ ਵੀ ਹੋਈ। ਦੋਵਾਂ ਸੂਬਿਆਂ ਵਿੱਚ ਜ਼ਮੀਨ ਵਿਵਾਦ ਦੀ ਸ਼ੁਰੂਆਤ 1972 ਵਿੱਚ ਹੋਈ ਸੀ।

## ਭਾਰਤੀ ਮੂਲ ਦੇ ਰਾਜ ਸੁਬਰਾਮਨੀਅਮ ਫੈਡ ਐਕਸ ਦੇ ਨਵੇਂ ਸੀ ਈ ਓ ਬਣਾਏ ਗਏ



ਵਾਸ਼ਿੰਗਟਨ, 30 ਮਾਰਚ (ਪੋਸਟ ਬਿਊਰੋ)- ਭਾਰਤੀ-ਅਮਰੀਕੀ ਰਾਜ ਸੁਬਰਾਮਨੀਅਮ ਫੈਡ ਐਕਸ ਕਾਰਪੋਰੇਸ਼ਨ ਦੇ ਨਵੇਂ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਹੋਣਗੇ।

ਅਮਰੀਕਾ ਦੀ ਬਹੁਕੌਮੀ ਕੋਰੀਅਰ ਕੰਪਨੀ ਨੇ ਇਸ ਬਾਰੇ ਐਲਾਨ ਪਰਸੋਂ ਸੋਮਵਾਰ ਨੂੰ ਕੀਤਾ। ਸੁਬਰਾਮਨੀਅਮ, ਚੇਅਰਮੈਨ ਤੋਂ ਸੀ ਈ ਓ ਵਜੋਂ ਫਰੈਡਰਿਕ ਡਬਲਯੂ ਸਮਿੱਥ ਦੀ ਥਾਂ ਲੈਣਗੇ, ਜੋ ਪਹਿਲੀ ਜੂਨ ਨੂੰ ਅਹੁਦਾ ਛੱਡਣ ਵਾਲੇ ਹਨ। ਵਰਨਣ ਯੋਗ ਹੈ ਕਿ ਫੈਡ ਐਕਸ ਦਾ ਹੈਡਕੁਆਰਟਰ ਅਮਰੀਕੀ ਸੂਬੇ ਟੈਨੇਸੀ ਵਿੱਚ ਹੈ ਅਤੇ ਪੂਰੀ ਦੁਨੀਆ ਵਿੱਚ ਇਸ ਕੰਪਨੀ ਦੇ ਛੇ ਲੱਖ ਮੁਲਾਜ਼ਮ ਹਨ। ਇਸ ਭੂਮਿਕਾ ਤੋਂ ਪਹਿਲਾਂ ਸੁਬਰਾਮਨੀਅਮ ਫੈਡ ਐਕਸ ਐਕਸਪ੍ਰੈਸ ਦੇ ਪ੍ਰਧਾਨ ਅਤੇ ਸੀ ਈ ਓ ਵਜੋਂ ਸੇਵਾਵਾਂ ਨਿਭਾ ਰਹੇ ਸਨ, ਜੋ ਦੁਨੀਆ ਦੀ ਸਭ ਤੋਂ ਵੱਡੀ ਐਕਸਪ੍ਰੈਸ ਟਰਾਂਸਪੋਰਟ ਕੰਪਨੀ ਹੈ। ਉਹ ਫੈਡ ਐਕਸ ਕਾਰਪੋਰੇਸ਼ਨ ਦੇ ਉਪ ਪ੍ਰਧਾਨ ਤੇ ਮੁੱਖ ਮਾਰਕੀਟਿੰਗ ਤੇ ਸੰਚਾਰ ਅਧਿਕਾਰੀ ਵੀ ਰਹਿ ਚੁੱਕੇ ਹਨ। ਉਨ੍ਹਾਂ ਕੰਪਨੀ ਲਈ ਕਾਰਪੋਰੇਟ ਰਣਨੀਤੀ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ। ਰਾਜ ਤਿਰੂਵਨੰਤਪੁਰਮ (ਕੇਰਲਾ) ਨਾਲ ਸਬੰਧਤ ਹਨ ਤੇ ਉਨ੍ਹਾਂ ਦੇ ਪਿਤਾ ਵੀ. ਸੁਬਰਾਮਨੀਅਮ ਕੇਰਲਾ ਪੁਲਸ ਦੇ ਡੀ ਜੀ ਪੀ ਰਹੇ ਹਨ। ਰਾਜ ਸੁਬਰਾਮਨੀਅਮ 87 ਸਾਲਾ ਸਾਬਕਾ ਡੀ ਜੀ ਪੀ ਦੇ ਸਭ ਤੋਂ ਵੱਡੇ ਪੁੱਤਰ ਹਨ। ਉਨ੍ਹਾਂ ਦੱਸਿਆ ਕਿ ਰਾਜ ਦੀ ਪਤਨੀ ਉਮਾ ਵੀ ਫੈਡ ਐਕਸ ਵਿੱਚ ਸੀ, ਪਰ ਫਿਰ ਹਿੱਤਾਂ ਦੇ ਟਕਰਾਅ ਕਾਰਨ ਅਹੁਦਾ ਛੱਡ ਦਿੱਤਾ ਸੀ। ਰਾਜ ਸੁਬਰਾਮਨੀਅਮ ਦਸਵੀਂ ਤਕ ਤਿਰੂਵਨੰਤਪੁਰਮ ਦੇ ਲੋਯੋਲਾ ਸਕੂਲ ਵਿੱਚ ਪੜ੍ਹੇ ਅਤੇ ਫਿਰ ਉਨ੍ਹਾਂ ਆਈ ਆਈ ਟੀ ਮੁੰਬਈ ਤੋਂ ਕੈਮੀਕਲ ਇੰਜੀਨੀਅਰਿੰਗ ਕੀਤੀ ਸੀ।

## ਮਮਤਾ ਬੈਨਰਜੀ ਨੇ ਵਿਰੋਧੀਆਂ ਨੂੰ ਇੱਕਜੁੱਟਤਾ ਦਾ ਹੋਕਾ ਦਿੱਤਾ



ਨਵੀਂ ਦਿੱਲੀ, 30 ਮਾਰਚ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਇੱਕ ਵਾਰ ਮੁੜ ਕੇ 'ਵਿਰੋਧੀ ਇੱਕਜੁੱਟਤਾ' ਦਾ ਹੋਕਾ ਦਿੰਦਿਆਂ ਸਾਰੀਆਂ ਵਿਰੋਧੀ ਧਿਰਾਂ ਨੂੰ ਭਾਜਪਾ ਖ਼ਿਲਾਫ਼ ਇਕੱਠੇ ਹੋਣ ਨੂੰ ਕਿਹਾ ਹੈ। ਉਸ ਨੇ ਸਾਰੇ ਗ਼ੈਰ ਭਾਜਪਾਈ ਮੁੱਖ ਮੰਤਰੀਆਂ ਤੇ ਵਿਰੋਧੀ ਧਿਰ ਦੇ ਸਾਰੇ ਨੇਤਾਵਾਂ ਨੂੰ ਚਿੱਠੀਆਂ ਲਿਖ ਕੇ ਸਾਂਝੀ ਵਿਰੋਧੀ ਧਿਰ ਦੇ ਉਦੇਸ਼ ਨਾਲ ਇਕੱਠੇ ਅੱਗੇ ਆਉਣ ਲਈ ਕਿਹਾ ਹੈ।

ਇਸ ਚਿੱਠੀ ਵਿੱਚ ਸੱਤਾ ਧਿਰ ਉੱਤੇ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰਨ ਦਾ ਦੋਸ਼ ਲਾ ਕੇਮ-ਮਤਾ ਬੈਨਰਜੀ ਨੇ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਇਨਫੋਰਸਮੈਂਟ ਡਾਇਰੈਕਟੋਰੇਟ(ਈ ਡੀ), ਸੀ ਬੀ ਆਈ ਅਤੇ ਆਮਦਨ ਟੈਕਸ ਵਿਭਾਗ ਆਦਿ ਏਜੰਸੀਆਂ ਦੀ ਵਰਤੋਂ ਸਿਆਸੀ ਬਦਲਾਖੋਰੀ ਲਈ ਕਰਦੀ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਾਰੀਆਂ ਕੇਂਦਰੀ ਏਜੰਸੀਆਂ ਭਾਜਪਾ ਵਾਲੇ ਰਾਜਾਂ ਵਿੱਚ ਕੁਝ ਨਹੀਂ ਕਰਦੀਆਂ, ਪਰ ਚੋਣਾਂ ਆਉਣ ਉੱਤੇ ਇਨ੍ਹਾਂ ਨੂੰ ਵਿਰੋਧੀ ਧਿਰਾਂ ਖ਼ਿਲਾਫ਼ ਕੰਮਲਾ ਦਿੱਤਾ ਜਾਂਦਾ ਹੈ। ਚਿੱਠੀ ਵਿੱਚ ਮਮਤਾ ਬੈਨਰਜੀ ਨੇ ਨਿਆਂਪਾਲਿਕਾ ਓਤਿ ਪੱਖਪਾਤ ਭਰੇ ਫ਼ੈਸਲਿਆਂ ਦਾ ਵੀ ਉਚੇਚੇ ਤੌਰ ਉੱਤੇ ਜ਼ਿਕਰ ਕਰਦਿਆਂ ਕਿਹਾ ਕਿ ਨਿਆਂਪਾਲਿਕਾ ਲਈ ਉਨ੍ਹਾਂ ਦੇ ਮਨ ਵਿੱਚ ਸਭ ਤੋਂ ਵੱਧ ਸਨਮਾਨ ਸੀ, ਪਰ ਮੌਜੂਦਾ ਸਮੇਂ ਵਿੱਚ ਕੁਝ ਪੱਖਪਾਤ ਸਿਆਸੀ ਦਖ਼ਲਕਾਰਨ ਲੋਕਾਂ ਨੂੰ ਨਿਆਂ ਨਹੀਂ ਮਿਲ ਰਿਹਾ ਜੋ ਸਾਡੇ ਲੋਕਤੰਤਰ ਲਈ ਖ਼ਤਰਨਾਕ ਹੈ। ਉਨ੍ਹਾਂ ਲੋਕਤੰਤਰਿਕ ਵਿਵਸਥਾ ਵਿੱਚ ਨਿਆਂਪਾਲਿਕਾ, ਮੀਡੀਆ ਅਤੇ ਜਨਤਾ ਨੂੰ ਅਹਿਮ ਮੁੱਢ ਦੱਸਦਿਆਂ ਕਿਹਾ ਕਿ ਜੇ ਕੋਈ ਵੀ ਹਿੱਸਾ ਪ੍ਰਭਾਵਿਤ ਹੁੰਦਾ ਹੈ ਤਾਂ ਪੂਰਾ ਸਿਸਟਮ ਤਬਾਹ ਹੋ ਜਾਂਦਾ ਹੈ।

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਨੇ ਭਾਜਪਾ ਖ਼ਿਲਾਫ਼ ਲੜਾਈ ਵਿੱਚ ਸਾਰੀਆਂ ਵਿਰੋਧੀ ਧਿਰਾਂ ਨੂੰ ਇੱਕਠੇ ਹੋ ਕੇ ਅੱਗੇ ਆਉਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਰਸਤੇ ਉੱਤੇ ਵਿਚਾਰ ਚਰਚਾ ਕਰਨ ਲਈ ਇੱਕ ਬੈਠਕ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਸਾਰੀਆਂ ਪ੍ਰਗਤੀਸ਼ੀਲ ਤਾਕਤਾਂ ਨੂੰ ਇਸ ਵੇਲੇ ਇਕੱਠੇ ਹੋ ਕੇ ਅੱਗੇ ਆਉਣ ਦੀ ਲੋੜ ਹੈ ਅਤੇ ਦਮਨਕਾਰੀ ਤਾਕਤਾਂ ਨਾਲ ਲੜਨਾ ਸਮੇਂ ਦੀ ਮੰਗ ਹੈ।

## ਅੱਠ ਸਾਲਾ ਬੱਚੇ ਨੇ 112 ਨੰਬਰ ਉਤੇ ਕਿਹਾ, ਮੰਮੀ ਫਾਂਸੀ ਲਾ ਰਹੀ ਏ, ਪਲੀਜ਼ ਬਚਾ ਲਓ

* ਪੁਲਸ ਨੇ ਨੌਂ ਮਿੰਟਾਂ ਵਿੱਚ ਜਾਮ ਵਿੱਚੋਂ ਨਿਕਲ ਕੇ ਜਾਨ ਬਚਾਈ




ਕੈਥਲ, 30 ਮਾਰਚ (ਪੋਸਟ ਬਿਊਰੋ)- ਪਤੀ ਨਾਲ ਝਗੜੇ ਦੇ ਬਾਅਦ ਫਾਂਸੀ ਲਾ ਕੇ ਜਾਨ ਦੇਣ ਲੱਗੀ ਔਰਤ ਨੂੰ ਪੁਲਸ ਨੇ ਮਹਿਜ਼ ਨੌਂ ਮਿੰਟਾਂ ਵਿੱਚ ਮੌਕੇ ਉੱਤੇ ਪਹੁੰਚ ਕੇ ਮਰਨ ਤੋਂ ਬਚਾ ਲਿਆ।

ਪੁਲਸ ਇੰਚਾਰਜ ਨੇ ਦੱਸਿਆ ਕਿ 24 ਮਾਰਚ ਨੂੰ ਡਾਇਲ ਨੰਬਰ 112 ਉੱਤੇ ਇੱਕ ਅੱਠ ਸਾਲਾ ਬੱਚੇ ਨੇ ਫੋਨ ਕਰ ਕੇ ਕਿਹਾ ਕਿ 'ਅੰਕਲ, ਮੰਮੀ ਫਾਂਸੀ ਲਾ ਰਹੀ ਹੈ, ਪਲੀਜ਼ ਬਚਾ ਲਓ।' ਉਨ੍ਹਾਂ ਨੂੰ ਪੰਚਕੂਲਾ ਹੈਡ ਆਫਿਸ ਤੋਂ ਐਮਰਜੈਂਸੀ ਰਿਸਪਾਂਸ ਵਹੀਕਲ ਉੱਤੇ ਦੱਸਿਆ ਗਿਆ ਕਿ ਡਿਫੈਂਸ ਕਾਲੋਨੀ ਵਿੱਚ ਇੱਕ ਔਰਤ ਫਾਂਸੀ ਲਾ ਕੇ ਖੁਦਕੁਸ਼ੀ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਉੱਤੇ ਉਹ ਹੈਡ ਕਾਂਸਟੇਬਲ ਅਤੇ ਐਸ ਪੀ ਓ ਦੇ ਨਾਲ ਲੋਕੇਸ਼ਨ ਲਈ ਨਿਕਲੇ। ਉਨ੍ਹਾਂ ਨੂੰ ਫੋਨ ਕਰਨ ਵਾਲੇ ਦਾ ਨੰਬਰ ਮਿਲ ਗਿਆ ਸੀ, ਜਿਸ ਤੋਂ ਪਤਾ ਲੱਗਾ ਕਿ ਫੋਨ ਉੱਤੇ ਜਿਸ ਨਾਲ ਗੱਲ ਹੋ ਰਹੀ ਹੈ, ਉਹ ਹੀ ਬੱਚਾ ਹੈ।ਘਬਰਾਏ ਹੋਏ ਬੱਚੇ ਨੇ ਦੱਸਿਆ ਕਿ ਉਸ ਦੀ ਮੰਮੀ ਫਾਂਸੀ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਰਸਤੇ ਵਿੱਚ ਜਾਮ ਵੀ ਸੀ, ਇਸ ਦੇ ਬਾਵਜੂਦ ਉਨ੍ਹਾਂ ਨੇ ਕਾਲੋਨੀ ਵਿੱਚ ਪਹੁੰਚ ਕੇ ਉਨ੍ਹਾਂ ਨੇ ਪੁਲਸ ਵਾਹਨ ਦਾ ਸਾਇਰਨ ਵਜਾਇਆ ਤਾਂ ਬੱਚਾ ਉਨ੍ਹਾਂ ਕੋਲ ਪਹੁੰਚ ਗਿਆ ਅਤੇ ਉਨ੍ਹਾਂ ਨੂੰ ਲੈ ਗਿਆ। ਇੱਕ ਕਮਰੇ ਵਿੱਚ ਬੱਚੇ ਦੀ ਮਾਂ ਪੱਖੇ ਨਾਲ ਚੁੰਨੀ ਦਾ ਫਾਹਾ ਲਾ ਕੇ ਲਟਕਣ ਲੱਗੀ ਸੀ।ਔਰਤ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਪਤੀ ਉਸ ਨਾਲ ਮਾਰਕੁੱਟ ਕਰਦਾ ਹੈ।

## ਟੀਪੂ ਸੁਲਤਾਨ ਦੀ ਬ੍ਰਿਟਿਸ਼ ਜਿੱਤ ਨੂੰ ਦਰਸਾਉਂਦੀ ਪੇਂਟਿੰਗ ਦੀ ਨਿਲਾਮੀ

ਲੰਡਨ, 30 ਮਾਰਚ (ਪੋਸਟ ਬਿਊਰੋ)- ਸੇਰਿੰਗਟਪਮ ਦੇ ਲੋਕਾਂ ਵੱਲੋਂ 1799-1820 ਦੇ ਵਿਚਾਲੇ ਬਣਾਈ ਗਈ ਪੇਂਟਿੰਗ, ਜੋ ਟੀਪੂ ਸੁਲਤਾਨ ਵੱਲੋਂ ਅੰਗਰੇਜ਼ਾਂ ਵਿਰੁੱਧ ਜਿੱਤੀ ਗਈ ਲੜਾਈ ਨੂੰ ਦਰਸਾਉਂਦੀ ਹੈ, ਦੀ ਨਿਲਾਮੀ ਲੰਡਨ ਵਿੱਚ ਹੋ ਰਹੀ ਹੈ ਜਿਸ ਦੀ ਕੀਮਤ 5-8 ਕਰੋੜ ਰੁਪਏ ਦੇ ਲੱਗਭਗ ਹੋਣ ਦੀ ਆਸ ਹੈ।

ਇੱਕ ਰਿਪੋਰਟ ਮੁਤਾਬਕ ਫਾਈਨ ਆਰਟਸ ਕੰਪਨੀ ਸੋਥਬੀ ਵੱਲੋਂ 'ਆਰਟਸ ਆਫ਼ ਦਿ ਇਸਲਾਮਿਕ ਵਰਲਡ ਐਂਡ ਇੰਡੀਆ' ਈਵੈਂਟ ਦੌਰਾਨ ਇਸ ਦੀ ਨਿਲਾਮੀ ਕੀਤੀ ਜਾ ਰਹੀ ਹੈ। ਇਹ ਪੇਂਟਿੰਗ 10 ਮੀਟਰ ਚੌੜੀ ਪੈਨੋਰਾਮਿਕ ਹੈ, ਜਿਸ ਵਿੱਚ 1799-1820 ਦੇ ਦੌਰਾਨ ਸੇਰਿੰਗਪਟਮ ਦੇ ਸਥਾਨਕ ਲੋਕਾਂ ਵੱਲੋਂ ਬਣਾਈ ਗਈ ਕਾਗਜ਼ ਦੀਆਂ 10 ਸ਼ੀਟਾਂ ਉੱਤੇ ਫੈਲੀ ਹੋਈ ਹੈ। ਇਹ ਪੇਂਟਿੰਗ ਤਿੰਨਾਂ ਮਹੱਤਵਪੂਰਨ ਪੇਂਟਿੰਗਾਂ ਵਿੱਚੋਂ ਇੱਕ ਹੈ, 1780 ਦੀ ਦੂਜੀ ਐਂਗਲੋ-ਮੈਸੂਰ ਜੰਗ ਦੀ ਨਿਲਾਮ ਹੋਣ ਵਾਲੀ ਇਹ ਦੂਜੀ ਪੇਂਟਿੰਗ ਹੈ। ਪੇਂਟਿੰਗ ਈਸਟ ਇੰਡੀਆ ਕੰਪਨੀ ਅਤੇ ਹੈਦਰ ਅਲੀ, ਟੀਪੂ ਸੁਲਤਾਨ, ਮੈਸੂਰ ਦੇ ਸ਼ਾਸਕਾਂ ਵਿਚਕਾਰ ਹੋਈ ਲੜਾਈ ਨੂੰ ਦਰਸਾਉਂਦੀ ਹੈ। ਇਹ ਉਹ ਸਮਾਂ ਪੇਸ਼ ਕਰਦੀ ਹੈ ਜਦੋਂ 'ਈਸਟ ਇੰਡੀਆ ਕੰਪਨੀ ਦੇ ਦੋ ਗੋਲਾ ਬਾਰੂਦ ਫਟਦੇ ਹਨ'। ਇਤਿਹਾਸਕਾਰ ਵਿਲੀਅਮ ਡੈਲਰਿੰਪਲ ਨੇ ਕਿਹਾ ਕਿ ਇਹ ਪੇਂਟਿੰਗ ਬਸਤੀਵਾਦ ਦੀ ਹਾਰ ਦੀ ਸਭ ਤੋਂ ਵੱਡੀ ਭਾਰਤੀ ਤਸਵੀਰ ਹੈ ਜੋ ਬਚੀ ਹੋਈ ਹੈ'। ਇਤਿਹਾਸਕਾਰ ਨੇ ਅੱਗੇ ਕਿਹਾ ਕਿ ਟੀਪੂ ਸੁਲਤਾਨ ਸ਼ਾਇਦ ਈਸਟ ਇੰਡੀਆ ਕੰਪਨੀ ਦਾ ਸਭ ਤੋਂ ਪ੍ਰਭਾਵਸ਼ਾਲੀ ਵਿਰੋਧੀ ਸੀ।

ਟੀਪੂ ਨੇ ਦਿਖਾਇਆ ਕਿ ਭਾਰਤੀ ਪਰਤਾਵੀਂ ਲੜਾਈ ਲੜ ਸਕਦੇ ਹਨ, ਉਹ ਜਿੱਤ ਸਕਦੇ ਹਨ, ਉਹ ਯੂਰਪੀਅਨਾਂ ਵਿਰੁੱਧ ਯੂਰਪੀ ਰਣਨੀਤੀਆਂ ਦੀ ਵਰਤੋਂ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਹਰਾ ਸਕਦੇ ਹਨ। ਪਹਿਲੀ ਵਾਰ ਜਦੋਂ ਕਿਸੇ ਯੂਰਪੀਅਨ ਫ਼ੌਜ ਨੂੰ ਭਾਰਤ ਵਿੱਚ ਹਾਰ ਮਿਲੀ ਤਾਂ ਉਹ ਪੋਲੀਲੁਰ ਦੀ ਲੜਾਈ ਹੈ। ਭਾਰਤ ਵਿੱਚ 18ਵੀਂ ਸਦੀ ਦੀ ਲੜਾਈ ਦੀ ਕੋਈ ਤਸਵੀਰ ਨਹੀਂ ਬਚੀ ਅਤੇ ਇਹ ਮਹਾਨ ਕਲਾਕ੍ਰਿਤੀ ਹੈ ਤੇ ਇਹ ਲੱਗਭਗ ਸੰਪੂਰਨ ਸਥਿਤੀ ਵਿੱਚ ਹੈ। ਇਸ ਵਿੱਚ ਤੁਸੀਂ ਹਰ ਵਿਅਕਤੀਗਤ ਚਿਹਰਾ, ਦਹਿਸ਼ਤ, ਉਤਸ਼ਾਹ, ਖ਼ੂਨ-ਖਰਾਬਾ ਦੇਖ ਸਕਦੇ ਹੋ। ਡੈਲਰਿੰਪਲ ਨੇ ਅੱਗੇ ਕਿਹਾ ਕਿ ਟੀਪੂ ਸੁਲਤਾਨ ਨੇ ਅੰਗ੍ਰੇਜ਼ਾਂ ਨੂੰ ਖ਼ਤਰਨਾਕ ਬਾਹਰੀ ਲੋਕਾਂ ਵਜੋਂ ਪਛਾਣਿਆ ਅਤੇ ਪੋਲੀਲੁਰ ਵਿਖੇ ਕੰਪਨੀ ਦੀ ਹਾਰ ਨਾਲ ਉਨ੍ਹਾਂ ਨੂੰ ਦੇਸ਼ ਉਤੇ ਕਬਜ਼ੇ ਕਰਨ ਤੋਂ ਰੋਕਣ ਲਈ ਸਮੇਂ ਦੇ ਕਿਸੇ ਵੀ ਸ਼ਾਸਕ ਨਾਲੋਂ ਵੱਧ ਕੰਮ ਕੀਤਾ।

## ਕੁੱਕੜ-ਖੋਹੀ ਵੇਖਣ ਆਏ 20 ਬੰਦੇ ਮਾਰੇ ਗਏ

ਮੈਕਸੀਕੋ ਸਿਟੀ, 30 ਮਾਰਚ (ਪੋਸਟ ਬਿਊਰੋ)- ਮੈਕਸੀਕੋ ਦੇ ਪੱਛਮੀ ਸੂਬੇ ਮਿਕੋਆਕਨ ਵਿੱਚ ਜਿਨਾਪੇਕੁਆਰੋ ਨੇੜੇ ਗ਼ੈਰ-ਕਾਨੂੰਨੀ ਕੁੱਕੜ ਲੜਾਈ ਪ੍ਰੋਗਰਾਮ ਦੌਰਾਨ ਬੰਦੂਕਧਾਰੀਆਂ ਦੇ ਹਮਲੇ ਵਿੱਚ 20 ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਹੋਰ ਲੋਕ ਜ਼ਖ਼ਮੀ ਹੋ ਗਏ, ਜਿਨ੍ਹਾਂ ਬਾਰੇ ਪੁਲਸ ਅਗਲੀ ਕਾਰਵਾਈ ਕਰ ਰਹੀ ਹੈ।

ਜਿਨਾਪੇਕੁਆਰੋ ਸ਼ਹਿਰ ਨੇੜੇ ਕੱਲ੍ਹ ਰਾਤ ਹੋਏ ਇਸ ਹਮਲੇ ਵਿੱਚ ਮਾਰੇ ਗਏ ਲੋਕਾਂ ਵਿੱਚ ਤਿੰਨ ਔਰਤਾਂ ਵੀ ਹਨ।ਸਰਕਾਰੀ ਵਕੀਲਾਂ ਨੇ ਦੱਸਿਆ ਕਿ ਹਮਲਾਵਰਾਂ ਨੇ ਹਮਲੇ ਦੀ ਸਪੱਸ਼ਟ ਯੋਜਨਾ ਪਹਿਲਾਂ ਹੀ ਬਣਾਈ ਹੋਈ ਸੀ ਅਤੇ ਉਹ ਨਾਸ਼ਤਾ ਬਣਾਉਣ ਵਾਲੀ ਇੱਕ ਕੰਪਨੀ ਦੇ ਚੋਰੀ ਕੀਤੇ ਟਰੱਕ ਜ਼ਰੀਏ ਕੰਪਲੈਕਸ ਵਿੱਚ ਦਾਖਲ ਹੋਏ। ਕੰਪਨੀ ਦੇ ਟਰੱਕ ਦੇ ਉਥੇ ਪਹੁੰਚਦੇ ਹੀ ਕਈ ਹਥਿਆਰਬੰਦ ਹਮਲਾਵਰ ਉਸ ਵਿੱਚੋਂ ਨਿਕਲੇ ਅਤੇ ਉਸੇ ਸਮੇਂ ਇਮਾਰਤ ਦੇ ਬਾਹਰ ਖੜੀ ਇੱਕ ਬੱਸ ਨੂੰ ਬੈਰੀਕੇਡ ਵਜੋਂ ਵਰਤਿਆਂ ਗਿਆ ਤਾਂਕਿ ਪੀੜਤ ਬਚ ਕੇ ਨਾ ਨਿਕਲ ਸਕਣ ਜਾਂ ਮਦਦ ਨਾ ਮੰਗ ਸਕਣ। ਸਰਕਾਰੀ ਵਕੀਲਾਂ ਨੇ ਦੱਸਿਆ ਕਿ ਇਲਾਕੇ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਗਰੋਹਾਂ ਅਤੇ ਹੋਰ ਅਪਰਾਧਕ ਗਰੋਹਾਂ ਵਿਚਾਲੇ ਲੜਾਈ ਚਲਦੀ ਰਹਿੰਦੀ ਹੈ। ਫ਼ੈਡਰਲ ਡਿਪਾਰਟਮੈਂਟ ਆਫ਼ ਪਬਲਿਕ ਸੇਫ਼ਟੀ ਨੇ ਇੱਕ ਬਿਆਨ ਵਿੱਚ ਕਿਹਾ,'' ਇਸ ਗੱਲ ਦਾ ਸੰਕੇਤ ਹੈ ਕਿ ਅਪਰਾਧਕ ਗਰੁੱਪਾਂ ਵਿਚਕਾਰ ਲੜਾਈ ਦੇ ਕਾਰਨ ਇਹ ਹਮਲਾ ਕੀਤਾ ਗਿਆ।''

## ਵੈਕਸੀਨ ਦੇ ਨਾਂਅ ਉੱਤੇ ਡਾਕਟਰ ਹੋਰ ਈ ਟੀਕੇ ਲਾਉਂਦਾ ਰਿਹਾ

ਸਿੰਗਾਪੁਰ, 30 ਮਾਰਚ (ਪੋਸਟ ਬਿਊਰੋ)- ਸਿੰਗਾਪੁਰ ਤੋਂ ਇੱਕ ਅਜਿਹਾ ਕੇਸ ਪਤਾ ਲੱਗਾ ਜਿੱਥੇ ਇੱਕ ਡਾਕਟਰ ਲੋਕਾਂ ਨੂੰ ਕੋਰੋਨਾ ਵੈਕਸੀਨ ਦੀ ਬਜਾਏ ਕੁਝ ਹੋਰ ਹੀ ਲਾਉਂਦਾ ਹੋਇਆ ਫੜਿਆ ਗਿਆ। ਅਸਲ ਵਿੱਚ ਸਿੰਗਾਪੁਰ ਦੇ ਇੱਕ ਸ਼ਹਿਰ ਵਿੱਚ ਸਿੰਗਾਪੁਰ ਮੈਡੀਕਲ ਕੌਂਸਲ ਨੇ ਜਦ ਇਸ ਡਾਕਟਰ ਨੂੰ ਫੜਿਆ ਤਾਂ ਉਸ ਨੇ ਆਪਣਾ ਜੁਰਮ ਕਬੂਲ ਕੀਤਾ ਕਿ ਉਹ ਲੋਕਾਂ ਨੂੰ ਵੈਕਸੀਨ ਦੀ ਬਜਾਏ ਸਲਾਈਨ ਸਾਲਿਊਸ਼ਨ ਦਾ ਇੰਜੈਕਸ਼ਨ ਲਾਉਂਦਾ ਸੀ। ਹੈਰਾਨੀ ਦੀ ਗੱਲ ਹੈ ਕਿ ਇਹ ਡਾਕਟਰ ਉਨ੍ਹਾਂ ਲੋਕਾਂ ਨੂੰ ਕੋਰੋਨਾ ਦਾ ਸਰਟੀਫਿਕੇਟ ਵੀ ਦਿੰਦਾ ਸੀ। ਡਾਕਟਰ ਦਾ ਨਾਂਅ ਜਿਪਸਨ ਕਵਾਹ ਹੈ। ਇਸ ਡਾਕਟਰ ਨੂੰ ਸਿੰਗਾਪੁਰ ਮੈਡੀਕਲ ਕੌਂਸਲ ਨੇ ਸਸਪੈਂਡ ਕਰ ਦਿੱਤਾ ਹੈ। ਕੌਂਸਲ ਨੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਤੇ ਜਨਹਿਤ ਲਈ ਕਵਾਹ ਦਾ ਮੈਡੀਕਲ ਪ੍ਰੈਕਟੀਸ਼ਨਰ ਵਜੋਂ ਰਜਿਸਟਰੇਸ਼ਨ ਰੱਦ ਕਰਨਾ ਜ਼ਰੂਰੀ ਹੈ। ਇਸ ਡਾਕਟਰ ਨੇ ਸਿਹਤ ਮੰਤਰਾਲੇ ਵਿੱਚ ਵੈਕਸੀਨੇਸ਼ਨ ਦੀ ਗਲਤ ਸੂਚਨਾ ਵੀ ਅਪਲੋਡ ਕੀਤੀ ਹੈ।

## ਵਿਲ ਸਮਿੱਥ ਨੇ ਕ੍ਰਿਸ ਰੌਕ ਨੂੰ ਥੱਪੜ ਮਾਰਨ ਦੀ ਮੁਆਫੀ ਮੰਗੀ



ਲਾਸ ਏਂਜਲਸ, 30 ਮਾਰਚ (ਪੋਸਟ ਬਿਊਰੋ)- ਆਸਕਰ ਸਮਾਗਮ ਵਿੱਚ ਹਾਲੀਵੁੱਡ ਅਭਿਨੇਤਾ ਵਿਲ ਸਮਿੱਥ ਨੇ ਪ੍ਰਸਿੱਧ ਕਾਮੇਡੀਅਨ ਕ੍ਰਿਸ ਰੌਕ ਨੂੰ ਜ਼ੋਰਦਾਰ ਥੱਪੜ ਮਾਰਨ ਬਾਰੇ ਮੁਆਫੀ ਮੰਗ ਲਈ ਹੈ, ਪਰ ਫਿਲਮ ਅਕੈਡਮੀ ਦਾ ਕਹਿਣਾ ਹੈ ਕਿ ਉਹ ਉਨ੍ਹਾਂ ਖਿਲਾਫ ਕਾਰਵਾਈ ਕਰ ਸਕਦੀ ਹੈ।

'ਪਰਸੁਏਟ ਟੂ ਹੈਪੀਨੈਸ', 'ਜੈਮਿਨੀ ਮੈਨ', 'ਮੈਨ ਇਨ ਬਲੈਕ' ਆਦਿ ਪ੍ਰਸਿੱਧ ਫਿਲਮਾਂ ਦੇ ਹੀਰੋ ਵਿਲ ਸਮਿੱਥ ਨੇ ਇੰਸਟਾਗ੍ਰਾਮ ਉੱਤੇ ਆਪਣੀ ਪੋਸਟ ਵਿੱਚ ਮੁਆਫੀ ਮੰਗਦੇ ਹੋਏ ਕਿਹਾ ਕਿ ਉਨ੍ਹਾਂ ਦਾ ਵਿਹਾਰ ਟੀ ਵੀ ਉਤੇ ਪ੍ਰਸਾਰਤ ਹੋਏ ਸਮਾਗਮ ਵਿੱਚ ਚੰਗਾ ਨਹੀਂ ਸੀ। ਉਨ੍ਹਾਂ ਕਿਹਾ ਕਿ 'ਕ੍ਰਿਸ ਮੈਂ ਤੁਹਾਡੇ ਤੋਂ ਜਨਤਕ ਤੌਰ ਉਤੇ ਮੁਆਫੀ ਮੰਗਣਾ ਚਾਹੁੰਦਾ ਹਾਂ। ਮੈਂ ਹੱਦ ਤੋਂ ਬਾਹਰ ਚਲਾ ਗਿਆ, ਮੈਂ ਗਲਤ ਸੀ।''

ਵਰਨਣ ਯੋਗ ਹੈ ਕਿ ਕਿੰਗ ਰਿਚਰਡ ਫਿਲਮ ਲਈ ਬੀਤੇ ਸੋਮਵਾਰ ਨੂੰ ਵੀਨਸ ਤੇ ਸੈਰੇਨਾ ਵਿਲੀਅਮਸ ਦੇ ਪਿਤਾ ਦੀ ਭੂਮਿਕਾ ਨਿਭਾਅ ਕੇ ਸਰਵੋਤਮ ਅਭਿਨੇਤਾ ਦਾ ਐਵਾਰਡ ਜਿੱਤਣ ਵਾਲੇ ਵਿਲ ਸਮਿੱਥ ਨੇ ਮੰਚ ਉਤੇ ਐਂਕਰ ਤੇ ਕਾਮੇਡੀਅਨ ਕ੍ਰਿਸ ਰੌਕ ਨੂੰ ਉਦੋਂ ਜ਼ੋਰਦਾਰ ਥੱਪੜ ਮਾਰਿਆ ਸੀ, ਜਦੋਂ ਉਨ੍ਹਾਂ ਨੇ ਵਿੱਲ ਦੀ ਪਤਨੀ ਦੀ ਲੁਕ ਬਾਰੇ ਭੱਦਾ ਮਜ਼ਾਕ ਕੀਤਾ। ਕ੍ਰਿਸ ਰੌਕ ਨੇ 1997 ਵਿੱਚ ਆਈ ਫਿਲਮ 'ਜੀ ਆਈ ਜ਼ੈਨ' ਵਿੱਚ ਅਭਿਨੇਤਰੀ ਡੈਮੀ ਮੂਰ ਦੇ ਸਿਰ ਦੇ ਵਾਲ ਸ਼ੇਵ ਕਰਨ ਵਾਲੇ ਵਿਲ ਸਮਿੱਥ ਦੀ ਪਤਨੀ ਜਾਡਾ ਪਿਨਕੇਟ ਸਮਿੱਥ ਦੇ ਵਾਲਾਂ ਦੇ ਘੱਟ ਹੋ ਜਾਣ ਨਾਲ ਜੋੜਿਆ ਤੇ ਭੱਦੀ ਟਿੱਪਣੀ ਕੀਤੀ।ਸਮਿੱਥ ਨੇ ਆਪਣੀ ਸਫਾਈ ਵਿੱਚ ਕਿਹਾ ਕਿ ਉਨ੍ਹਾਂ ਦੇ ਨਾਂਅ ਉਤੇ ਚੁਟਕਲੇ ਸੁਣਾਉਣਾ ਉਨ੍ਹਾਂ ਦੇ ਕੰਮਦਾ ਹਿੱਸਾ ਹੈ, ਪਰ ਜਾਡਾ ਦੀ ਮੈਡੀਕਲ ਸਥਿਤੀ ਬਾਰੇ ਮਜ਼ਾਕ ਕਰਨਾ ਉਨ੍ਹਾਂ ਦੀ ਬਰਦਾਸ਼ਤ ਤੋਂ ਬਾਹਰ ਹੋ ਗਿਆ। ਇਸ ਲਈ ਭਾਵਨਾ ਵਿੱਚ ਵਹਿ ਕੇ ਮੈਂ ਅਜਿਹੀ ਪ੍ਰਤੀਕਿਰਿਆ ਦਿੱਤੀ ਹੈ। ਅਜੇ ਤਕ ਸਪੱਸ਼ਟ ਨਹੀਂ ਹੋ ਸਕਿਆ ਕਿ ਕ੍ਰਿਸ ਰੌਕ ਨੂੰ ਵਿਲ ਦੀ ਪਤਨੀ ਦੀ ਤਬੀਅਤ ਬਾਰੇ ਜਾਣਕਾਰੀ ਸੀ ਜਾਂ ਨਹੀਂ।

ਤ੍ਰਿਣਮੂਲ ਵਿਧਾਇਕ ਦੀ ਧਮਕੀ:

## ਉਪਚੋਣ ਵਾਲੇ ਦਿਨ ਭਾਜਪਾਈਏ ਬਾਹਰ ਨਿਕਲੇ ਤਾਂ ਜਾਨ ਦੀ ਗਾਰੰਟੀ ਨਹੀਂ




ਕੋਲਕਾਤਾ, 30 ਮਾਰਚ (ਪੋਸਟ ਬਿਊਰੋ)- ਆਸਨਸੋਲ ਪਾਰਲੀਮੈਂਟਰੀ ਸੀਟ ਦੀ ਉਪਚੋਣ ਬਾਰੇ ਹੁਕਮਰਾਨ ਤ੍ਰਿਣਮੂਲ ਕਾਂਗਰਸ ਅਤੇ ਵਿਰੋਧੀ ਧਿਰ ਭਾਜਪਾ ਦਾ ਟਕਰਾ ਵੱਧ ਗਿਆ ਹੈ। ਵਾਇਰਲ ਹੋਏ ਇੱਕ ਵੀਡੀਓ ਵਿੱਚ ਤ੍ਰਿਣਮੂਲ ਕਾਂਗਰਸ ਦੇ ਵਿਧਾਇਕ ਨਰਿੰਦਰ ਨਾਥ ਚਕਰਵਤੀ ਆਪਣੀ ਪਾਰਟੀ ਦੇ ਵਰਕਰਾਂਨੂੰ ਕਹਿ ਰਹੇ ਹਨ ਕਿ ਉਹ ਭਾਜਪਾ ਸਮਰਥਕਾਂ ਨੂੰ ਚੋਣਾਂ ਦੇ ਦਿਨ ਘਰੋਂ ਬਾਹਰ ਨਾ ਨਿਕਲਣ ਦੇ ਕਹਿਣ, ਕਿਉਂਕਿ ਇਹ ਮੰਨਿਆ ਜਾਵੇਗਾ ਕਿ ਉਹ ਭਾਜਪਾ ਨੂੰ ਵੋਟ ਦੇ ਰਹੇ ਹਨ। ਚਕਰਵਤੀ ਨੇ ਖੁੱਲ੍ਹੇਆਮ ਕਿਹਾ ਕਿ ਜੇ ਲੋਕ ਆਸਨਸੋਲ ਵਿੱਚ ਉਪਚੋਣਾ ਦੀ ਵੋਟਿੰਗ ਲਈ ਜਾਂਦੇ ਹਨ ਤਾਂ ਉਹ ਕਿਸੇ ਦੇ ਜੀਵਨ ਦੀ ਜ਼ਿੰਮੇਦਾਰੀ ਨਹੀਂ ਲੈਣਗੇ।

ਪੱਛਮੀ ਬੰਗਾਲ ਭਾਜਪਾ ਦੇ ਪ੍ਰਧਾਨ ਸੁਕਾਂਤ ਮਜੁਮਦਾਰ ਨੇ ਦੱਸਿਆ ਕਿ ਭਾਜਪਾ ਨੇ ਚੋਣਾਂ ਕਮਿਸ਼ਨ ਨੂੰ ਪੱਤਰ ਲਿਖ ਕੇ ਚਕਰਵਤੀ ਦੀ ਸ਼ਿਕਾਇਤ ਕੀਤੀ ਹੈ।ਭਾਜਪਾ ਨੇ ਮੰਗ ਕੀਤੀ ਕਿ ਚਕਰਵਤੀ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਚੋਣਾਂ ਹੋਣ ਤਕ ਆਸਨਸੋਲ ਲੋਕਸਭਾ ਖੇਤਰ ਤੋਂ ਬਾਹਰ ਭੇਜਿਆ ਜਾਵੇ। ਚੋਣ ਕਮਿਸ਼ਨ ਨੇ ਭਾਜਪਾ ਨੂੰ ਭਰੋਸਾ ਦਿੱਤਾ ਕਿ ਤ੍ਰਿਣਮੂਲ ਵਿਧਾਇਕ ਦੇ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ। ਆਸਨਸੋਲ ਵਿੱਚ ਭਾਜਪਾ ਦੇ ਅਗਨੀਮਿਤਰ ਪੋਲ ਅਤੇ ਤ੍ਰਿਣਮੂਲ ਦੇ ਅਭਿਨੇਤਾ ਤੋਂ ਨੇਤਾ ਬਣੇ ਸ਼ਤਰੂਘਣ ਸਿੰਨ੍ਹਾ ਦੀ ਟੱਕਰ ਹੈ। ਮਤਦਾਨ 12 ਅਪ੍ਰੈਲ ਨੂੰ ਹੋਵੇਗਾ ਤੇ ਨਤੀਜੇ ਦਾ 16 ਅਪ੍ਰੈਲ ਨੂੰ ਐਲਾਨ ਕੀਤਾ ਜਾਵੇਗਾ।






# ਜਰਨਲਿਸਟ ਐਸੋਸੀਏਸ਼ਨ ਦੇ ਪ੍ਰੇਮ ਸ਼ਰਮਾ ਪ੍ਰਧਾਨ ਤੇ ਓਝਾ ਚੇਅਰਮੈਨ ਬਣੇ

*** ਪੱਤਰਕਾਰ ਭਾਈਚਾਰੇ ਨੂੰ ਇਕਜੁੱਟ ਰੱਖਣਾ ਹੋਵੇਗੀ ਪ੍ਰਾਥਮਿਕਤਾ: ਸ਼ਰਮਾ**

ਮੋਗਾ 30 ਮਾਰਚ (ਗਿਆਨ ਸਿੰਘ) ਜਰਨਲਿਸਟ ਐਸੋਸੀਏਸ਼ਨ ਪੰਜਾਬ ਦੀ ਮੋਗਾ ਜਿਲ੍ਹਾ ਦੀ ਇਕਾਈ ਦਾ ਗਠਨ ਕਰਕੇ ਪ੍ਰੇਮ ਸ਼ਰਮਾ ਨੂੰ ਪ੍ਰਧਾਨ ਤੇ ਸਤਿਏਨ ਓਝਾ ਨੂੰ ਚੇਅਰਮੈਨ ਬਣਾਇਆ ਗਿਆ ਹੈ .ਜਿਸ ਲਈ ਐਸੋਸੀਏਸ਼ਨ ਦੇ ਪੰਜਾਬ ਦੇ ਉਪ ਪ੍ਰਧਾਨ ਰਾਜੇਸ਼ ਕੌਛੜ ਦੀ ਅਗਵਾਈ ਤੇ ਮੁੱਖ ਸਰਪ੍ਰਸਤ ਨਵੀਨ ਸਿੰਗਲ ਤੇ ਓ ਪੀ ਆਜ਼ਾਦ ਦੀ ਦੇਖ ਰੇਖ ਚ ਬੀਤੀ ਇੱਕ ਹੋਟਲ ਵਿੱਚ ਐਸੋਸੀਏਸ਼ਨ ਦੀ ਬੈਠਕ ਹੋਈ . ਪ੍ਰਧਾਨ ਨਿਯੁਕਤ ਹੋਣ ਤੇ ਪ੍ਰੇਮ ਸ਼ਰਮਾ ਨੇ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਜੋਗਿੰਦਰ ਅੰਗੂਰਾਲਾ ਦਾ ਧੰਨਵਾਦ ਕਰਦੇ ਕਿਹਾ ਕਿ ਉਹਨਾਂ ਵਲੋਂ ਜੋ ਵਿਸ਼ਵਾਸ ਮੋਗਾ ਜਿਲ੍ਹਾ ਦੀ ਟੀਮ ਤੇ ਜਤਾਉਂਦੇ ਹੋਏ ਉਸਦਾ ਗਠਨ ਕੀਤਾ ਗਿਆ ਹੈ, ਉਸ ਨੂੰ ਕਾਇਮ ਰੱਖਦੇ ਹੋਏ ਸਮਾਜ ਤੇ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਤਨਦੇਹੀ ਨਾਲ ਕੰਮ ਕੀਤਾ ਜਾਵੇਗਾ . ਪੱਤਰਕਾਰ ਭਾਈਚਾਰੇ ਨੂੰ ਇਕਜੁੱਟ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ .ਉਹਨਾਂ ਪੰਜਾਬ ਦੇ ਉਪ ਪ੍ਰਧਾਨ ਰਾਜੇਸ਼ ਕੌਛੜ, ਮੁੱਖ ਸਰਪ੍ਰਸਤ ਨਵੀਨ ਸਿੰਗਲਾ ਤੇ ਓ ਪੀ ਆਜ਼ਾਦ ਦਾ ਧੰਨਵਾਦ ਕਰਦੇ ਕਿਹਾ ਕਿ ਉਹ ਐਸੋਸੀਏਸ਼ਨ ਦੀ ਮਜਬੂਤੀ ਲਈ ਕੋਈ ਕਸਰ ਨਹੀਂ ਛੱਡਣਗੇ ਤੇ



ਇਹ ਕੋਸ਼ਿਸ਼ ਕਰਨਗੇ ਸਾਰੇ ਮੇਂਬਰ ਹਰ ਇੱਕ ਮੇਂਬਰ ਦੇ ਦੁੱਖ ਸੁੱਖ ਚ ਸ਼ਾਮਿਲ ਹੋਣ .ਚੇਅਰਮੈਨ ਸਤਿਏਨ ਓਝਾ ਨੇ ਕਿਹਾ ਕਿ ਪੱਤਰਕਾਰਾਂ ਦਾ ਇਕਜੁੱਟ ਰਹਿਣਾ ਸਮੇਂ ਦੀ ਮੰਗ ਹੈ ਜਿਸ ਲਈ ਐਸੋਸੀਏਸ਼ਨ ਤਨਦੇਹੀ ਨਾਲ ਕੰਮ ਕਰੇਗੀ .ਐਸੋਸੀਏਸ਼ਨ ਦੇ ਹੋਰ ਅਹੁਦੇਦਾਰਾਂ ਚ ਸਰਪ੍ਰਸਤ ਹਰਵਿੰਦਰ ਭੂਪਾਲ ਤੇ ਗੁਰਪ੍ਰੀਤ ਧਾਲੀਵਾਲ ਗੋਪੀ,ਉਪ ਚੇਅਰਮੈਨ ਪ੍ਰਦੀਪ ਨਰੂਲਾ, ਸੀਨੀਅਰ ਉਪ ਪ੍ਰਧਾਨ ਮੋਹਿਤ ਕੌਛੜ, ਸ਼ਿਵ ਕੌੜਾ ਤੇ ਅਸ਼ੋਕ ਬਾਂਸਲ,ਉਪ ਪ੍ਰਧਾਨ ਗੁਰਤੇਜ ਬੱਬੀ, ਬਲਵਿੰਦਰ ਬਿੰਦਾ, ਹਰੀ ਓਮ ਮਿੱਤਲ, ਨਵਦੀਪ ਸਿੰਗਲਾ, ਸੰਜੀਵ ਕੁਮਾਰ ਅਰੋੜਾ ਤੇ ਸਵਰਨ ਗੁਲਾਟੀ, ਜਰਨਲ ਸੈਕਟਰੀ ਸੰਜੀਵ ਅਰੋੜਾ, ਜੋਇੰਟ ਜਨਰਲ ਸੈਕਟਰੀ ਰਾਜ ਕੁਮਾਰ ਰਾਜੂ,ਸੈਕਟਰੀ ਚਰਨਜੀਤ ਸਿੰਘ, ਜੋਇੰਟ ਸੈਕਟਰੀ ਸ਼ੁਭਮ ਵਰਮਾ,ਜੋਇੰਟ ਸੈਕਟਰੀ ਹੈਪੀ ਢੰਡ,ਆਫ਼ਿਸ ਸੈਕਟਰੀ ਦਵਿੰਦਰ ਕੁਮਾਰ, ਕੈਸ਼ੀਅਰ ਪ੍ਰਦੀਪ ਗੋਇਲ,ਪ੍ਰਦੀਪ ਸਚਦੇਵਾ ਪਰੋਪੇ-ਗੰਡਾ ਸੈਕਟਰੀ, ਜਸਪਾਲ ਬੱਬੀ,ਸੁਰਿੰਦਰ ਪਾਲ ਸਿੰਘ ਤੇ ਸੰਦੀਪ ਸ਼ਰਮਾ ਚੀਫ ਐਡਵਾਈਜਰ, ਤਰਲੋਕ ਨਰੂਲਾ, ਕੁਲਭੂਸ਼ਨ ਗੋਇਲ ਤੇ ਵਕੀਲ ਮਹਿਰੋਂ ਐਡਵਾਈਜਰ,ਲੀਗਲ ਐਡਵਾਈਜਰ ਐਡਵੋਕੇਟ ਨਵੀਨ ਗੋਇਲ ਨਿਯੁਕਤ ਕੀਤੇ ਗਏ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ [illegible] ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




## ਲੜਕੀ ਦੀ ਲੋੜ

Looking for a Suitable match for Khatri Punjabi Boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen
Contact on 6473004877
Email :› komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## Change of Name

- **I, Paramjeet Kaur Verma D/O Jagraj Singh,** R/O Village Pipalsana Teh. Vilaspur, Distt. Rampur.
I have changed my name in the future and I will be known & identified as **Paramjeet Kaur.**
- **I Soumya D/o Balkishan Chauhan** holder of Indian Passport No. - K 1102233, issued at Delhi, India on 9 Nov 2011, permanent resident of B-3A/75A Janakpuri, New Delhi-110058, India and presently residing at 74 Washburn Rd, Brampton, L6P3W5,Ontario, Canada do hereby change my name from **Soumya to Soumya Chauhan,** with immediate effect.
- **I Kartik s/o Bal Kishan Chauhan,** holder of Indian Passport No.K0131485 , issued at Delhi , India on 05-oct-2011 , Permanent resident of B-3A/75A Janakpuri new Delhi -110058, India, and presently residing at 90 Sleightholme Cres , Brampton,L6P 3E7, Canada do hereby change my name from **Kartik to Kartik Chauhan,** with immediate effect.










Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO
Call Jag Aujla For Details
JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO
Call Jag Aujla For Details
SOLD $215,000 OVER ASKING IN 2 DAYS
42 Lawnview Crt
Sandalwood /Hwy 10 / Braidwood
SOLD $101,000 OVER ASKING IN 2 DAYS
11 Germain Circ
Miss.Rd/ William Pkwy/ Bovaird
SOLD $165,000 OVER ASKING IN 2 DAYS
5 Mitchell Ave
Sandalwood/ Conestoga/ Dalzell
SOLD @101% OF ASKING PRICE
12 Laurelcrest St
Queen / Laurelcrest / Hwy 410
SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410
SOLD @99% OF ASKING PRICE
11 Van Hoof Crest
Castlemore/ Goreway / Latania
SOLD $121,000 OVER ASKING IN 6 DAYS Caledon
42 Pinedale Ave
Kennedy / Dougall
SOLD $73,000 OVER ASKING IN 6 DAYS Shelbourne
416 Olde Village Lane
Hwy 89 / Greenwood
SOLD $355,000 OVER ASKING IN 4 DAYS
37 Esker Dr
Heart Lake Rd/Sandalwood Pkwy
FREE
Full MLS Services
Consistently Marketing Your Property Until SOLD
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
Competitive Rates, Exceptional Service & Award Winning Results
RE/MAX Realty Specialists Inc. Brokerage
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
Free Evaluation of your Property
Special Packages for First Time Buyer
Arrangement of Low Mortgage rate Lawyer
Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8
SOLD
$1,399,999
CASTLEMORE/GOREWAY
FOR SALE
$1,749,900
8337 ਗਲਫ ਲਾਈਨ
FOR SALE
$1,950,000
26 Yellow RomeRd


jobs! jobs! jobs! jobs! jobs!
DUNDAS-JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017